# ਇੱਕ ਸੌ ਉਨੰਜਾ
# ਮਾਡਲ ਟਾਊਨ

ਰਮੇਸ਼ ਸੇਠੀ ਬਾਦਲ





# ਇੱਕ ਸੋ ਉਨੰਜਾ ਮਾਡਲ ਟਾਊਣ

(ਪੰਜਾਬੀ ਕਹਾਣੀਆਂ)

ਰਮੇਸ ਸੇਠੀ ਬਾਦਲ

## ਇੱਕ ਸੋ ਉਨੰਜਾ ਮਾਡਲ ਟਾਊਨ

"149 ਮਾਡਲ ਟਾਊਣ" ਕਹਿਕੇ ਉਹ ਝੱਟ ਰਿਕਸ਼ੇ ਤੇ ਬੈਠ ਗਈ। ਹੱਥਲਾ ਬੈਗ ਉਸ ਨੇ ਨਾਲ ਸੀਟ ਤੇ ਹੀ ਰੱਖ ਲਿਆ। ਬੈਗ ਵਿੱਚ ਵੀ ਕੀ ਹੋਣਾ ਸੀ ਓਹੀ ਪਾਣੀ ਦੀ ਬੋਤਲ, ਕਾਗਜ ਵਿੱਚ ਵਲੇਟੀਆਂ ਦੋ ਪਰੋਠੀਆਂ, ਲੇਡੀਜ ਪਰਸ ਤੇ ਮੋਬਾਇਲ ਫੋਨ।ਉਹ ਅਕਸਰ ਹੀ ਇੱਦਾਂ ਹੀ ਕਰਦੀ ਸੀ ਜਦੋ ਵੀ ਉਹ ਆਪਣੀ ਮਾਂ ਨੂੰ ਮਿਲਣ ਆਉਦੀ ਸੀ।

ਰਿਕਸੇ ਤੇ ਬੈਠਦੀ ਉਹ ਆਪਣੇ ਵਿਚਾਰਾਂ ਚ ਗੁਆਚ ਗਈ। ਪਹਿਲੋ ਪਹਿਲ ਜਦੋ ਵੀ ਉਹ ਘਰੇ ਕਬੀਲਦਾਰੀ ਵਿੱਚ ਪ੍ਰੇਸ਼ਾਨ ਹੁੰਦੀ ਜਾ ਕਿਸੇ ਗੱਲ ਨੂੰ ਲੈ ਕੇ ਕੋਈ ਤਕਰਾਰ ਹੋ ਜਾਂਦੀ ਤਾਂ ਉਹ ਝੱਟ ਹੀ ਮਾਂ ਕੋਲੇ ਆ ਜਾਂਦੀ ਦਿਲ ਦਾ ਗੁਭ ਗੁਬਾਰ ਕੱਢ ਕੇ ਸ਼ਾਮੀ ਤਰੋ ਤਾਜਾ ਹੋ ਕੇ ਆਪਣੇ ਘਰ ਪਰਤ ਜਾਂਦੀ। ਫਿਰ ਆਪਣੇ ਬਾਪ ਦੇ ਗੁਜਰਣ ਤੋ ਬਾਅਦ ਅਕਸਰ ਉਹ ਆਪਣੀ ਮਾਂ ਦੀ ਇੱਕਲਤਾ ਦੂਰ ਕਰਨ ਲਈ ਤੇ ਮਾਂ ਦਾ ਦਿਲ ਹੋਲਾ ਕਰਨ ਲਈ ਹਰ ਦਸੀ ਪੰਦਰੀ ਮਾਂ ਕੋਲੇ ਜਰੂਰ ਗੇੜਾ ਮਾਰਦੀ ਇਸ ਨਾਲ ਉਸਦੀ ਮਾਂ ਨੂੰ ਵੀ ਸਕੂਨ ਜਿਹਾ ਮਿਲਦਾ। ਮਾਂਵਾਂ ਧੀਆਂ ਖੂਬ ਗੱਲਾਂ ਕਰਦੀਆਂ ।ਭਰਾ ਤੇ ਭਾਬੀ ਕੋੜਦੇ ।ਉਹਨਾ ਨੂੰ ਲੱਗਦਾ ਕਿ ਇਹ ਉਹਨਾ ਦੀਆਂ ਹੀ ਚੁਗਲੀਆਂ ਕਰਦੀਆਂ ਹਨ। ਆਨੀ ਬਹਾਨੀ ਉਹ ਦੋਵੇ ਜੀ ਕਨਸੋਆ ਲੈਂਦੇ ਰਹਿੰਦੇ।ਮੋਬਾਇਲ ਤੇ ਤਾਂ ਉਹ ਨਿੱਤ ਹੀ ਕਾਫੀ ਕਾਫੀ ਚਿਰ ਲੱਗੀਆਂ ਰਹਿੰਦੀਆਂ। ਇੱਕੱਲੀ ਬੈਠੀ ਮਾਂ ਦਾ ਉਹ ਫੋਨ ਜਰੂਰ ਸੁਣਦੀ ਚਾਹੇ ਉਸ ਨੂੰ ਸਕੂਲੋ ਜ਼ਾ ਘਰੋ ਝਿੜਕਾਂ ਹੀ ਕਿਉ ਨਾ ਪੈਦੀਆਂ।

ਰਿਕਸ਼ੇ ਵਾਲਾ ਆਪਣੀ ਮਸਤੀ ਵਿੱਚ ਜਾ ਰਿਹਾ ਸੀ ਫਲਾਈ ਓਵਰ ਨੂੰ ਕਰਾਸ ਕਰਕੇ ਉਹ ਟੀ ਵੀ ਟਾਵਰ ਕੋਲ ਦੀ ਕਦੋਂ ਮੁੜ ਗਿਆ ਉਸ ਨੂੰ ਪਤਾ ਹੀ ਨਾ ਲੱਗਾ ।ਤੇ ਗੁਰੂਦਵਾਰੇ ਵਾਲੇ ਚੋਕ ਦੀਆਂ ਲਾਈਟਾ ਕੋਲ ਉਹ ਪਹੁੰਚ ਚੁਕਿਆ ਸੀ।

ਉਹਨਾ ਮਾਵਾਂ ਧੀਆਂ ਦੀਆਂ ਗੱਲਾ ਤੇ ਇਹ ਚਾਰੇ ਭਰਾ ਇਤਰਾਜ ਕਰਨ ਲੱਗੇ। ਘਰਵਾਲੀ ਦੇ ਭੜਕਾਏ ਤੇ ਗੁੱਸੇ ਵਿੱਚ ਆਏ ਵੱਡੇ ਨੇ ਇੱਕ ਦਿਨ ਮਾਂ ਤੋ ਮੋਬਾਇਲ ਫੋਨ ਹੀ ਖੋਹ ਲਿਆ ਤੇ ਸਵਿੱਚ ਆਫ ਕਰ ਦਿੱਤਾ। ਭੈਣ ਨੂੰ ਆਪਣੇ ਘਰ ਆਉਣ ਤੋ ਵੀ ਰੋਕ ਦਿੱਤਾ।ਧੀ ਨਾਲ ਹੋਏ ਇਸ ਧੱਕੇ ਤੇ ਮਾਂ ਮਨ ਮਸੋਸ ਕੇ

ਰਹਿ ਗਈ ਸੀ । ਭੈਣ ਦੀ ਅਰਜੋਈ ਤੇ ਕਿਤੇ ਵੀ ਸੁਣਵਾਈ ਨਾ ਹੋਈ ਤੇ ਵਿਚਾਲੜਾ ਵੀ ਵੱਡੇ ਦੀ ਬੋਲੀ ਬੋਲਣ ਲੱਗਾ। ਹੁਣ ਪੁੱਤਰਾਂ ਦੀ ਮੁਥਾਜ਼ੀ ਝੱਲਦੀ ਤੇ ਧੀ ਦਾ ਵਿਛੋੜਾ ਸਹਾਰਦੀ ਮਾਂ ਬਹੁਤ ਦੁਖੀ ਰਹਿੰਦੀ ।

ਮਾਤਾ ਜੀ ਉਤਰੋ ਕਹਿ ਕੇ ਭਾਈ ਨੇ ਰਿਕਸ਼ਾ ਰੋਕ ਦਿੱਤਾ। ਬਿਜਲੀ ਦੇ ਲਾਟੂਆਂ ਨਾਲ ਜਗਮਗਾਉਦੀਆਂ ਲੜੀਆਂ ਬਹੁਦ ਸੁੰਦਰ ਲੱਗ ਰਹੀਆ ਸਨ। ਹੁਣ ਇਥੇ ਕਿਸੇ ਡਾਕਟਰ ਜ਼ੋੜੇ ਦੀ ਨੇਮ ਪਲੇਟ ਲੱਗੀ ਹੋਈ ਸੀ। ਪਹਿਲਾ ਜਦੋ ਉਹ ਪੇਕੇ ਘਰ ਆਉਂਦੀ ਹੁੰਦੀ ਤਾਂ ਇਕੱਲੀ ਉਹਨਾ ਦੀ ਕੋਠੀ ਹੀ ਡਬਲ ਸਟੋਰੀ ਨਹੀ ਸੀ।ਹੁਣ ਕੋਠੀ ਚਾਹੇ ਤਿੰਨ ਮਜਿੰਲੀ ਬਣ ਗਈ ਸੀ ਪਰ ਉਸ ਦੇ ਪੇਕੇ ਸਨ ਨਹੀ ਰਹੇ। ਅਜੇ ਕਲ੍ਹ ਹੀ ਉਸ ਨੂੰ  ਪਤਾ ਲੱਗਿਆ ਕਿ ਵੱਡੇ ਦੇ ਦੋ ਪੋਤੀਆਂ ਮਗਰੋ ਪੋਤਾ ਹੋਇਆ ਹੈ । ਉਹ ਕਾਫੀ ਚਿਰ ਤੋ ਹੀ ਪੇਕੇ ਘਰ ਦੇ ਬੂਹੇ ਤੇ ਨਿੰਮ ਬੱਝਿਆ ਵੇਖਣਾ ਲੋਚਦੀ ਸੀ। ਬਸ ਭਰਾ ਦੇ ਬੋਲੇ ਸ਼ਬਦ ਉਸ ਨੂੰ ਰੋਕੀ ਬੈਠੇ ਸਨ। ਪਰ ਉਹ ਮਨ ਮਾਰ ਕੇ ਨਿੰਮ ਬੱਝਿਆ ਜਰੂਰ ਵੇਖਣਾ ਚਾਹੁੰਦੀ ਸੀ।

ਨਹੀ ਬਸ ਵਾਪਸ ਚਲੋ ਕਹਿਕੇ ਉਹ ਰਿਕਸ਼ੇ ਤੇ ਹੀ ਬੈਠੀ ਰਹੀ। ਰਿਕਸ਼ੇ ਵਾਲਾ ਉਸ ਨੂੰ ਸਮਝ ਨਾ ਸਕਿਆ । ਮਾਤਾ ਜੀ ਤੁਸੀ ਮਾਡਲ  ਟਾਊਣ ਦਾ ਫੇਜ਼ ਤਾਂ ਦੱਸਿਆ ਨਹੀ ਕਿਤੇ ਤੁਸੀ ਇੱਕ ਫੇਜ਼ ਜਾਂ ਤਿਨ ਫੇਜ਼ ਤਾਂ ਨਹੀ ਸੀ ਜਾਣਾ। ਰਿਕਸ਼ੇ ਵਾਲੇ ਨੇ ਗੱਲ ਸਪਸਟ ਕਰਨ ਦੀ ਕੋਸ਼ਿਸ ਕੀਤੀ।

ਨਹੀ ਬਸ ਤੂੰ ਵਾਪਿਸ ਬੱਸ ਅੱਡੇ ਨੂੰ ਹੀ ਚਲ ਕਹਿਕੇ ਅੱਖ ਚੋ ਡਿਗਦਾ ਹੰਝੂ ਹੱਥਲੇ ਰੁਮਾਲ ਨਾਲ ਪੂੰਝਿਆ।ਇੱਕ ਸੋ ਉਨੰਜਾ ਮਾਡਲ ਟਾਊਣ ਅਜੇ ਵੀ ਚਮਕ ਰਿਹਾ ਸੀ।

# ਕਰੇਲਿਆਂ ਵਾਲੀ ਆਂਟੀ

"ਨੀ ਕਾਂਤਾ ਇੱਕ ਵਾਰੀ ਮਿਲਾਦੇ।ਬਸ ਦੋ ਹੀ ਮਿੰਟਾ ਲਈ।" ਆਂਟੀ ਆਪਣੀ ਵੱਡੀ ਨੂੰਹ ਦੀ ਮਿੰਨਤ ਕਰ ਰਹੀ ਸੀ।ਆਂਟੀ ਬਹੁਤ ਕਮਜੋਰ ਤੇ ਦੁਖੀ ਨਜਰ ਆਉਂਦੀ ਸੀ। ਮੈਨੂੰ ਦੇਖ ਕੇ ਇਹੀ ਆਂਟੀ ਦੀ ਰੂਹ ਖਿੜ ਜਾਂਦੀ ਸੀ। ਪਰ ਅੱਜ ਆਂਟੀ ਨੇ ਕੋਈ ਖਾਸ ਖੁਸੀ ਜਿਹੀ ਜਾਹਿਰ ਨਹੀ ਕੀਤੀ। ਭਾਬੀ ਨੇ ਵੀ ਪਰਲੇ ਜਿਹੇ ਪਾਸੇ ਮੂੰਹ ਕਰਕੇ ਕਿਹਾ। "ਆ ਜਾ ਸਰਲਾ ਬਹਿ ਜਾ।" ਤੇ ਮੈਂ ਆਂਟੀ ਕੋਲੇ ਮੰਜੀ ਤੇ ਦੋਣ ਆਲੇ ਪਾਸੇ ਬੈਠ ਗਈ।ਭਾਬੀ ਆਵਦੇ ਕੰਮ ਲੱਗੀ ਰਹੀ ਤੇ ਆਂਟੀ ਨੇ ਵੀ ਕੋਈ ਖਾਸ ਨਹੀ ਬੁਲਾਇਆ।ਆਂਟੀ ਮੰਜੇ ਤੇ ਬੈਠੀ ਇਉਂ ਲਗਦੀ ਸੀ ਜਿਵੇਂ ਕਈ ਦਿਨਾਂ ਤੋ ਬੀਮਾਰ ਹੋਵੇ।

ਮੈਂ ਕਲ੍ਹ ਹੀ ਪੇਕੇ ਆਈ ਸੀ। ਨਿੱਕਾ ਅੰਸ਼ ਕੱਲ ਦਾ ਹੀ ਬਾਹਲਾ ਹੀ ਰੋਈ ਜਾਂਦਾ ਸੀ। ਤੇ ਮੈਂ ਸੋਚਿਆ ਨਾਲੇ ਆਂਟੀ ਨੂੰ ਮਿਲ ਆਵਾਂਗੀ ਨਾਲੇ ਆਂਟੀ ਤੋਂ ਪੁੱਛ ਆਂਵਾਂਗੀ। ਆਂਟੀ ਵਾਹਵਾ ਸਿਆਣੀ ਸੀ ਤੇ ਅਕਸਰ ਕੋਈ ਨਾ ਕੋਈ ਔੜ ਪੋੜ ਦੱਸ ਦਿੰਦੀ ਸੀ। ਅੱਸੀਆਂ ਦੇ ਨੇੜੇ ਢੁੱਕ ਚੁੱਕੀ ਆਂਟੀ ਨੂੰ ਜਿੰਦਗੀ ਦਾ ਬਹੁਤ ਤਜੁਰਬਾ ਸੀ।ਆਂਟੀ ਦਾਦੀ ਮਾਂ ਦੇ ਨੁਸਖਿਆਂ ਵਾਲੀ ਜਿੰਦੀ ਜਾਗਦੀ ਖੁੱਲੀ ਕਿਤਾਬ ਸੀ। ਪਹਿਲਾਂ ਵੀ ਕਈ ਵਾਰੀ ਹੋਇਆ ਸੀ ਜਦੋਂ ਇਹ ਬੱਚੇ ਮੈਨੂੰ ਤੰਗ ਕਰਦੇ ਤੇ ਮ੍ਹੈ ਇਹਨਾ ਨੂੰ ਆਂਟੀ ਕੋਲੇ ਲੈ ਜਾਂਦੀ ਤੇ ਆਂਟੀ ਕਦੇ ਕਹਿੰਦੀ ਢੁੱਢਰੀ ਪਈ ਹੈ ਤੇ ਕਦੇ ਕਹਿੰਦੀ ਹਸਲੀ ਪਈ ਹੈ ਤੇ ਆਪ ਹੀ ਠੀਕ ਕਰ ਦਿੰਦੀ। ਜਵਾਕ ਮਿੰਟਾਂ ਵਿੱਚ ਭਲੇ ਚੰਗੇ ਹੋ ਜਾਂਦੇ। ਇੱਕ ਵਾਰੀ ਮੈਂ ਆਈ ਤੇ ਸਿੰਮੀ ਰਾਤ ਨੂੰ ਬਾਹਲਾ ਰੋਣ ਲੱਗ ਪਈ ਤੇ ਮੈਂ ਘਬਰਾ ਗਈ। ਉਸ ਵੇਲੇ ਡਾਕਟਰ ਵੀ ਕੋਈ ਨਹੀ ਸੀ ਮਿਲਣਾ। ਨਾਲੇ ਕਈ ਵਾਰੀ ਡਾਕਟਰਾਂ ਨੂੰ ਵੀ ਬੀਮਾਰੀ ਦੀ ਪੂਰੀ ਸਮਝ ਨਹੀ ਆਉਂਦੀ ਬਸ ਐਂਵੇ ਗੋਲੀਆਂ ਕੈਪਸੂਲ ਤੇ ਸਿਰਪ ਲਿਖ ਦਿੰਦੇ ਹਨ ਅਖੇ ਜੇ ਨਾ ਫਰਕ ਪਿਆ ਤਾਂ ਕਲ੍ਹ ਨੂੰ ਦੁਬਾਰਾ ਵਿਖਾ ਜਾਇਓ। ਬਸ ਫੀਸ ਲਈ ਤੇ ਕਿੱਸਾ ਖਤਮ।

ਮੈਂ ਮੇਰੀ ਭਾਬੀ ਨੂੰ ਨਾਲ ਲੈ ਕੇ ਆਂਟੀ ਘਰ ਗਈ ਤੇ ਆਂਟੀ ਨੂੰ ਉਠਾਇਆ। ਆਂਟੀ ਕਾ ਪੂਰਾ ਪਰਿਵਾਰ ਬਾਹਰ ਵਹਿੜੇ ਚ ਹੀ ਟੇਬਲ ਫੈਨ ਲਾ ਕੇ ਸੌਂਦਾ ਹੈ। ਉਹਨਾ ਕੋਲ ਪੈਸਾ ਚਾਹੇ ਵਾਧੂ ਹੈ। ਆਂਟੀ ਦਾ ਬੇਟਾ ਤੇ ਨੂੰਹ

ਦੋਨੇ ਲੈਕਚਰਾਰ ਹਨ। ਆਪਣੀ ਕੋਠੀ ਹੈ। ਪਰ ਉਹਨਾਂ ਨੇ ਏ ਸੀ ਨਹੀ ਲਗਵਾਇਆ ਅਜੇ ਤੱਕ। ਆਂਟੀ ਦਾ ਬੇਟਾ ਕੁਸ਼ ਚੀਪੜ ਜਿਹਾ ਹੀ ਹੈ।ਸਾਰਾ ਦਿਨ ਸਾਇਕਲ ਤੇ ਹੀ ਸਕੂਲ ਆਉਂਦਾ ਹੈ। ਕਾਰ ਤੇ ਸਕੂਟਰ ਤਾਂ ਬਸ ਘਰੇ ਹੀ ਖੜ੍ਹੇ ਰਹਿੰਦੇ ਹਨ। ਆਂਟੀ ਉਠੀ ਤੇ ਉਸ ਨੇ ਸਿੰਮੀ ਨੂੰ ਦੇਖਿਆ ਤੇ ਕਹਿੰਦੀ ਇਸ ਦੇ ਚਮੂਣੇ ਲੜਦੇ ਹਨ। ਕੁਝ ਸੋਚ ਕੇ ਜੇ ਆਪਣੀ ਨੂੰਹ ਨੂੰ ਕਹਿੰਦੀ "ਕਾਂਤਾ ਆਪਣੇ ਹਿੰਗ ਪਈ ਹੈ ਨਾ ? ਥੋੜੀ ਜਿਹੀ ਲੀਰ ਚ ਬੰਨ ਕੇ ਇਹਦੇ ਲੱਕ ਦੁਆਲੇ ਬੰਨ ਦੇ । " ਸੱਚੀ ਗੁਰੂ ਦੀ ਸੋਂਹ ਸਿੰਮੀ ਦੱਸ ਮਿੰਟਾਂ ਚ ਚੁੱਪ ਕਰਗੀ।

ਆਂਟੀ ਕਾ ਘਰ ਸਾਡੇ ਨਾਲ ਮਾਡਲ ਟਾਊਨ ਵਿੱਚ ਸਾਡੇ ਘਰ ਤੋ ਦੋ ਤਿੰਨ ਘਰ ਅੱਗੇ ਸੀ। ਵੈਸੇ ਤਾਂ ਸਾਡੇ ਮਾਡਲ ਟਾਊਨ ਵਿੱਚ ਆਂਢੀ ਗੁਆਂਢੀ ਦਾ ਕੋਈ ਮਤਲਵ ਨਹੀ ਹੁੰਦਾ । ਪਰ ਇਹ ਆਂਟੀ ਸਾਰਾ ਦਿਨ ਘਰ ਇਕੱਲੀ ਹੁੰਦੀ ਸੀ। ਐਡੀ ਵੱਡੀ ਚਾਰ ਸੋ ਗਜ ਦੀ ਕੋਠੀ। ਤੇ ਬਜੁਰਗ ਆਂਟੀ । ਘਰ ਦਾ ਨਿੱਕ ਸੁਕ ਨਿਪਟਾ ਕੇ ਬਾਹਰ ਬੈਠ ਜਾਂਦੀ। ਘਰੇ ਕੋਈ ਕੰਮ ਵਾਲੀ ਵੀ ਨਹੀ ਸੀ ਰੱਖੀ ਹੋਈ।ਇਕੱਲੀ ਨੂੰ ਘਰ ਖਾਣ ਨੂੰ ਆਉਂਦਾ ਕਿਉਂਕਿ ਉਹ ਦੋਨੋ ਜੀਅ ਰੋਜ ਸਵੇਰੇ ਨੋਕਰੀ ਤੇ ਚਲੇ ਜਾਂਦੇ। ਅੰਕਲ ਤਾਂ ਪਹਿਲਾਂ ਹੀ ਰੱਬ ਨੂੰ ਪਿਆਰੇ ਹੋ ਗਏ ਸੀ। ਆਂਟੀ ਦਸਦੀ ਸੀ ਕਿ ਉਹਨਾ ਨੂੰ ਅਟੈਕ ਦਾ ਦੋਰਾ ਪਿਆ ਸੀ ਤੇ ਸੁੱਤੇ ਪਏ ਹੀ ਚਲ ਬਸੇ। ਮੈਂ ਆਂਟੀ ਦੇ ਅਟੈਕ ਦੇ ਦੋਰੇ ਆਲੀ ਗੱਲ ਤੇ ਬਹੁਤ ਹੱਸਦੀ। ਉਦੋ ਮੈਂ ਅਜੇ ਕੰਵਾਰੀ ਸੀ ਤੇ ਆਂਟੀ ਮੈਨੂੰ ਧੱਕੇ ਨਾਲ ਕੋਲ ਬਹਾ ਲੈਂਦੀ ਤੇ ਮੇਰੇ ਨਾਲ ਖੂਬ ਗੱਲਾਂ ਕਰਦੀ।

ਤੇ ਕਦੇ ਕਦੇ ਆਂਟੀ ਦੀ ਧੀ ਦਾ ਫੋਨ ਆ ਜ਼ਾਂਦਾ ਤਾਂ ਆਂਟੀ ਖੂਬ ਗੱਲਾਂ ਮਾਰਦੀ। ਆਂਟੀ ਨੇ ਮੈਨੂੰ ਇੱਕ ਦਿਨ ਦੱਸਿਆ ਕਿ ਆਹ ਮੁਬੇਲ ਮੇਰੇ ਧੀ ਜਵਾਈ ਨੇ ਤੇਰੇ ਐਂਕਲ ਨੂੰ ਲੈ ਕੇ ਦਿੱਤਾ ਸੀ ਤੇ ਹੁਣ ਇਹ ਮੇਰੇ ਕੋਲ ਹੀ ਹੁੰਦਾ ਹੈ। ਮੈਂ ਹਰਾ ਬਟਨ ਦੱਬ ਕੇ ਸੁਣ ਲੈਂਦੀ ਹਾਂ। ਬਸ ਮੈਨੂੰ ਮੇਰੀ ਧੀ ਦਾ ਹੀ ਫੋਨ ਆਉਂਦਾ ਹੈ ਹੋਰ ਨਹੀ ਕਿਸੇ ਦਾ ਆਉਂਦਾ। ਮੈਨੂੰ ਆਂਟੀ ਮੇਰੀ ਦਾਦੀ ਮਾਂ ਹੀ ਲੱਗਦੀ। ਭਾਂਵੇ
ਮੈਂ ਮੇਰੀ ਦਾਦੀ ਵੇਖੀ ਨਹੀ ਪਰ ਮੈਂਨੂ ਆਂਟੀ ਤੇ ਮੋਹ ਜਿਹਾ ਆਉਂਦਾ। ਮੈਨੂੰ ਪਤਾ ਹੁੰਦਾ ਸੀ ਬਈ ਆਂਟੀ ਤਾਂ ਵਹਿਲੀ ਹੈ ਤੇ ਟਾਇਮ ਪਾਸ ਭਾਲਦੀ ਹੈ। ਪਰ

ਮੈਂ ਫਿਰ ਵੀ ਆਂਟੀ  ਕੋਲੇ ਬੈਠ ਜਾਂਦੀ। ਆਂਟੀ  ਖੂਬ ਗੱਲਾਂ ਕਰਦੀ। ਗੱਲਾਂ ਦਾ ਵਿਸ਼ਾ ਉਸਦੀ ਧੀ ਹੀ ਹੁੰਦਾ ਤੇ ਜਾਂ ਉਹ ਅੰਕਲ ਦੀਆਂ ਗੱਲਾਂ ਕਰਦੀ।

ਉਹ ਦੱਸਦੀ ਉਸ ਨੇ ਰੱਬ ਤੋਂ ਸੁਖਣਾ ਸੁਖ ਕੇ  ਮੰਗ ਕੇ ਧੀ ਲਈ । ਚਾਹੇ ਪਹਿਲਾਂ ਹੀ ਉਸ ਦੇ ਚਾਰ ਮੁੰਡੇ ਸਨ। ਧੀ ਉਸਦਾ ਬੁਢਾਪੇ ਚ ਦੁੱਖ ਸੁਣਿਆ ਕਰੂਗੀ। ਉਸਨੇ ਧੀ ਨੂੰ ਪੜਾਇਆ ਲਿਖਾਇਆ ਤੇ ਸਰਕਾਰੀ ਟੀਚਰ ਲਵਾਇਆ। ਉਸ ਨੇ ਧੀ ਦੀ ਵਿਆਹ ਵੀ ਨੇੜੇ ਹੀ ਪ੍ਰਾਈਵੇਟ ਨੋਕਰੀ ਕਰਦੇ ਮੁੰਡੇ ਨਾਲ ਕਰ ਦਿੱਤਾ ਤਾਂ ਕਿ ਜਦੋਂ ਜੀ ਕੀਤਾ ਧੀ ਆ ਕੇ ਮਿਲ ਜਾਵੇ ਜਾਂ ਉਹ ਧੀ ਨੂੰ ਮਿਲ ਆਵੇ। ਵੈਸੇ ਵੀ ਆਂਟੀ  ਦੀ ਧੀ ਹਰ ਐਤਵਾਰ ਨੂੰ ਆਕੇ ਮਿਲ ਜਾਂਦੀ। ਫਿਰ ਮਾਂਵਾਂ ਧੀਆਂ ਖੂਬ ਗੁਰਬਤ ਕਰਦੀਆਂ। ਦੋਹਾਂ ਨੂੰ ਇਕੱਠੀਆਂ ਬੈਠੀਆ ਦੇਖ ਕੇ ਆਂਟੀ  ਦੀ ਨੂੰਹ ਘੂਰਦੀ ।ਉਸ ਨੂੰ ਲੱਗਦਾ ਕਿ ਉਹ ਉਸ ਦੀਆਂ ਹੀ ਗੱਲਾਂ ਕਰਦੀਆਂ ਹਨ। ਪਰ ਮਾਂਵਾਂ ਧੀਆਂ ਦੀ ਗੱਲਬਾਤ ਦਾ ਵਿਸ਼ਾ ਕੋਈ ਖਾਸ ਨਹੀ ਸੀ ਹੁੰਦਾ ਉਹ ਤਾਂ ਬਸ ਆਪਣਾ ਦਿਲ ਹੋਲਾ ਹੀ ਕਰਦੀਆਂ। ਧੀ ਵੀ ਮਾਂ ਨਾਲ ਸਾਰੀਆਂ ਗੱਲਾਂ ਕਰ ਲੈਂਦੀ।

ਭਾਵੇਂ ਆਂਟੀ  ਜਵਾਂ ਅਣਪੜ ਸੀ ਪਰ ਉਹ ਸਰਕਾਰੀ ਕਾਇਦੇ ਕਨੂਨ ਪੈਨਸ਼ਨ, ਡੀ ਏ , ਕਿਸ਼ਤ, ਐਲ ਟੀ ਸੀ, ਆਦਿ ਬਾਰੇ ਸਭ ਜਾਣਦੀ ਸੀ। ਉਹ ਇੰਨਕਰੀਮੈਂਟ ਨੂੰ  ਐਂਕਰੀਮਿੰਟ ਆਖਦੀ।ਆਂਟੀ  ਮੇਰੇ ਕੋਲੇ ਅੰਕਲ ਦੀਆਂ  ਮਿੱਠੀਆਂ ਯਾਦਾਂ ਵੀ ਸਾਂਝੀਆਂ ਕਰਦੀ। ਤੇਰਾ ਅੰਕਲ ਤਾਂ ਬਿਲਕੁਲ ਸਾਧੂ ਸੁਭਾਅ ਦਾ ਸੀ ।ਮੇਰੀ ਕੋਈ ਗੱਲ ਨਹੀ ਸੀ ਮੋੜਦਾ। ਜਿਵੇਂ ਆਖਦੀ ਉਵੇ ਮੰਨ ਲ਼ੈਂਦਾ ਸੀ।ਮੈਂ ਧੀ ਨੂੰ ਜੋ ਦੇਣ ਵਾਸਤੇ ਕਹਿੰਦੀ ਉਹੀ ਲਿਆ ਦਿੰਦਾ। ਜਿਨ੍ਹੇ ਪੈਸੇ ਆਖਦੀ ਉਨੇ ਹੀ ਦੇ ਦਿੰਦਾ। ਕਦੇ ਕਿੰਤੂ ਪਰੰਤੂ ਨਾ ਕਰਦਾ। ਪਰ ਹੁਣ ਤਾਂ ਮੈਨੂੰ ਫੂਕ ਫੂਕ ਕੇ ਕਦਮ ਰੱਖਣਾ ਪੈਂਦਾ ਹੈ ਨੂੰਹ ਪੁੱਤਾਂ ਦਾ ਰਾਜ ਹੈ।

ਆਂਟੀ  ਆਪਣੇ ਜਵਾਈ ਦੀਆਂ ਗੱਲਾਂ ਵੀ ਕਰਦੀ। ਕਦੇ ਕਦੇ ਉਹ ਜਵਾਈ ਦੀਆਂ ਸਿਫਤਾਂ ਦੇ ਪੁਲ ਬੰਨ ਦਿੰਦੀ ਤੇ ਕਦੇ ਜਵਾਈ ਤੇ ਖੂਬ ਤਵਾ ਲਾਉਂਦੀ। ਅਖੇ ਖਾਂਦਾ ਪੀਂਦਾ ਨਹੀ, ਕੋਈ ਵੈਲ ਨਹੀ।ਕੋਈ ਬੀੜੀ ਸਿਗਰੇਟ ਦੀ ਲੱਤ ਨਹੀ। ਬਹੁਤ ਚੰਗਾ ਹੈ। ਪਰ ਇਕੱਲੇ ਚੰਗੇ ਨੂੰ ਕੀ ਚੱਟਣਾ ਹੈ। ਕਦੇ ਦੋ ਦਿਨ ਲਈ ਵੀ ਨਹੀ ਛੱਡਦਾ ਮੇਰੀ ਧੀ ਨੂੰ ਮੇਰੇ ਕੋਲ। ਪਰਾਂਦੇ ਤਰਾਂ ਨਾਲ ਹੀ ਚੁੰਬੜਿਆ ਰਹਿੰਦਾ ਹੈ।ਸਵੇਰੇ ਆਊ ਨਾਲ ਹੀ ਕਾਰ ਤੇ ਸਾਮ ਨੂੰ ਵਾਪਿਸ।

ਸਾਡੇ ਘਰੇ ਤਾਂ ਰੋਟੀ ਵੀ ਨਹੀ ਖਾਂਦੇ ਬਸ ਬਾਹਰ ਖਾਣ ਦਾ ਹੀ ਚਸਕਾ ਲੱਗਿਆ ਰਹਿੰਦਾ ਹੈ ਕੁਸ ਭਾਈ ਇਹ ਵੀ ਨਹੀ ਕਰਦੇ। ਬਈ ਜਵਾਈ ਭਾਈ ਧੀ ਆਏ ਹਨ ਇਹ ਵੀ ਤਾਂ ਘੇਸਲ ਵੱਟ ਜਾਂਦੇ ਹਨ। ਹੁਣ ਇਹਨਾਂ ਦੇ ਹੁੰਦਿਆਂ ਮੈਂ ਕਿਵੇਂ ਪੈਸੇ ਕੱਢ ਕੇ ਦੇਓਂ ਵੇ ਜਾਉ ਬਜਾਰੋ ਕੁਸ਼ ਫੜ ਲਿਆਉ ਖਾਣ ਲਈ। ਫੇਰ ਕਹਿਣਗੇ ਬੀਜੀ ਤੁਸੀ ਸਾਡੀ ਬੇਜੱਤੀ ਖਰਾਬ ਕਰਤੀ ਅਸੀਂ ਕਿਹੜਾ ਕਰਦੇ ਨੀ।

ਇਹ ਕਦੇ ਮੈਨੂੰ ਪੈਰੀ ਪੋਣਾ ਨਹੀ ਕਰਦਾ। ਕਦੇ ਮੇਰਾ ਹਾਲ ਚਾਲ ਨਹੀ ਪੁੱਛਦਾ। ਮੇਰੇ ਮੁੰਡਿਆਂ ਨਾਲ ਉਸਦੀ ਨਹੀ ਬਣਦੀ। ਹਰ ਵੇਲੇ ਰੁਸਿਆ ਹੀ ਰਹਿੰਦਾ ਹੈ। ਕੋਈ ਵਿਆਹ ਸਾਦੀ ਉਸ ਸੁੱਕਾ ਨਹੀ ਜਾਣ ਦਿੱਤਾ।ਜਦੋ ਇਹ ਨਾ ਰੁਸਿਆ ਹੋਵੇ। ਕੁਸ਼ ਤਾਂ ਮੇਰੇ ਆਵਦੇ ਮੁੰਡੇ ਹੀ ਠੀਕ ਨਹੀ ।ਇਹ ਵੀ ਉਸ ਨੂੰ ਆਪਣੇ ਨਾਲ ਨਹੀ ਰਲਾਉਂਦੇ । ਸੁਰੂ ਤੋ ਹੀ ਓਪਰਾ ਸਮਝਦੇ ਹਨ। ਹਰ ਗੱਲ ਦਾ ਉਸ ਤੋ ਪਰਦਾ ਰੱਖਦੇ ਹਨ। ਪਰ ਇਹ ਵੀ ਸਦਾ ਜਵਾਈ ਬਣਿਆ ਰਹਿੰਦਾ ਹੈ। ਕਦੇ ਪੁੱਤ ਨਹੀ ਬਣਿਆ।

ਮੈਂ ਆਂਟੀ ਨੂੰ ਕੋਠੀ ਦੇ ਪਿਛਲੇ ਪਾਸੇ ਬਣੀ ਬਗੀਚੀ ਕੋਲ ਖੜੀ ਦੇਖਦੀ ਤੇ ਆਉਦੀ ਜਾਂਦੀ ਨੂੰ ਆਂਟੀ ਰੋਕ ਲੈਂਦੀ। ਇੱਕ ਦਿਨ ਆਂਟੀ ਬਗੀਚੀ ਤੋਂ ਕੁਝ ਫਲ ਜਿਹੇ ਤੋੜ ਰਹੀ ਸੀ। "ਆਹ ਕੀ ਹੈ ਆਂਟੀ। " ਉਹਨਾ ਅਜੀਬ ਜਿਹੇ ਫਲ ਨੂੰ ਵੇਖ ਕੇ ਪੁਛਿਆ।ਇਹ ਝਾੜ ਕਰੇਲੇ ਹਨ। ਇਹਨਾਂ ਦੀ ਸਬਜੀ ਬਣਦੀ ਹੈ।ਤੇ ਇਹ ਸੂਗਰ ਦੇ ਮਰੀਜਾਂ ਲਈ ਵੀ ਚੰਗੀ ਹੁੰਦੀ ਹੈ। ਕਲ੍ਹ ਮੇਰੀ ਧੀ ਨੇ ਆਉਣਾ ਹੈ ਤੇ ਮੈਂ ਉਹਨਾ ਨੂੰ ਦੇਣੇ ਹਨ। ਮਾਂ ਦਾ ਧੀ ਲਈ ਪਿਆਰ ਜਿਹਾ ਦੇਖ ਕੇ ਮੈਨੂੰ ਬਹੁਤ ਵਧੀਆ ਲੱਗਦਾ। ਮੇਰੀ ਮਾਂ ਵੀ ਮੇਰਾ ਇਸ ਤਰ੍ਹਾਂ ਕਰਿਆ ਕਰੂਗੀ ਮੇਰੇ ਵਿਆਹ ਤੋਂ ਬਾਦ। ਪਰ ਮੇਰੀ ਤੇ ਮਾਂ ਮੇਰੇ ਵਿਆਹ ਤੋਂ ਪਹਿਲਾਂ ਹੀ ਮਰ ਗਈ ਤੇ ਵਿਆਹ ਤੋ ਬਾਦ ਆਂਟੀ ਨੂੰ ਵੇਖ ਕੇ ਮੈਨੂੰ ਮੇਰੀ ਮਾਂ ਯਾਦ ਆਉਂਦੀ। ਉਸ ਦਿਨ ਮੈਂ ਘਰੇ ਜਾ ਕੇ ਮੇਰੀ ਮਾਂ ਨੂੰ ਕਰੇਲਿਆਂ ਵਾਲੀ ਗੱਲ ਦੱਸੀ। ਕਿ ਕਿਵੇਂ ਆਂਟੀ ਧੀ ਲਈ ਕੀ ਉਹ ਕਰੇਲੇ ਜਿਹੇ ਇੱਕਠੇ ਕਰੀ ਜਾਂਦੀ ਸੀ। ਉਸ ਦਿਨ ਤੋਂ ਬਾਦ ਮੈ ਆਂਟੀ ਨੂੰ ਕਰੇਲਿਆਂ ਵਾਲੀ ਆਂਟੀ ਹੀ ਆਖਦੀ।

ਜਦੋ ਵੀ ਮੈਂ ਪੇਕੇ ਆਉਦੀ ਕਰੇਲਿਆਂ ਵਾਲੀ ਆਂਟੀ ਨੂੰ ਜਰੂਰ ਮਿਲ ਕੇ ਆਉਂਦੀ। ਆਂਟੀ ਨੂੰ ਖੁਸ ਕਰਣ ਦੀ ਮਾਰੀ ਮੈਂ ਅੰਟੀ ਦੀ ਧੀ ਦੀ ਗੱਲ

ਜਰੂਰ ਛੇੜਦੀ। ਪਰ ਹੁਣ ਆਂਟੀ ਧੀ ਦੀਆਂ ਗੱਲਾਂ ਖੁੱਲ ਕੇ ਨਾ ਕਰਦੀ। ਧੀ ਦੀ ਗੱਲ ਕਰਣ ਵੇਲੇ ਆਂਟੀ ਇੱਧਰ ਉਧਰ ਨੂੰਹ ਵੱਲ ਜਰੂਰ ਦੇਖਦੀ। ਇਹ ਕੋੜਦੇ ਹਨ ਮੇਰੀ ਧੀ ਤੇ। ਮੇਰੀ ਧੀ ਜਦੋਂ ਮੇਰੀ ਪੋਤੀ ਦੀ ਵਿਚੋਲਣ ਬਣੀ ਤਾਂ ਇਹਨਾ ਨੇ ਉਸ ਨਾਲ ਭੈੜੀ ਕੀਤੀ। ਇਹਨਾਂ ਨੇ ਮੇਰੀ ਧੀ ਨੂੰ ਮੇਰੇ ਪੋਤੇ ਦੇ ਵਿਆਹ ਤੇ ਵੀ ਨਹੀ ਬੁਲਾਇਆ। ਹੁਣ ਮੈਨੂੰ ਲੱਗਦਾ ਕਿ ਮਾਂ ਧੀ ਦੇ ਵਿਚਕਾਰ ਪੁੱਤਾਂ ਦੀ ਹਾਉਮੇ ਆ ਗਈ ਸੀ।

ਹੋਲੀ ਹੋਲੀ ਧੀ ਜਵਾਈ ਨੇ ਆਉਣਾ ਬੰਦ ਕਰ ਦਿੱਤਾ। ਬੱਸ ਫੋਨ ਤੇ ਹੀ ਹਏ ਹੈਲੋ ਹੁੰਦੀ ਸੀ ਮਾਂ ਧੀ ਦੀ। ਪਿੱਛਲੀ ਵਾਰ ਆਈ ਤਾਂ ਆਂਟੀ ਬੁੱਕ ਬੁੱਕ ਰੋਂਦੀ ਸੀ। "ਨੀ ਕਾਂਤਾ ਮਿਲਾਦੇ ਇੱਕ ਵਾਰੀ। ਤੂੰ ਵੀ ਤਾਂ ਆਪਣੀ ਧੀ ਨਾਲ ਘੰਟਾ ਘੰਟਾ ਲੱਗੀ ਰਹਿੰਦੀ ਹੈਂ। " ਆਂਟੀ ਨੇ ਨੂੰਹ ਨੂੰ ਤਰਲਾ ਜਿਹਾ ਪਾਇਆ ਤੇ ਨੂੰਹ ਅਣਸੁਣਾ ਕਰ ਗਈ। " ਕੀ ਕਰਣਾ ਹੈ ਆਂਟੀ ਮੈਂ ਕਰ ਦਿੰਦੀ ਹਾਂ । ਮੈਂ ਹਮਦਰਦੀ ਨਾਲ ਆਂਟੀ ਨੂੰ ਪੁੱਛਿਆ। "ਨੀ ਕਰਣਾ ਕੀ ਹੈ ਮੈਂ ਮੇਰੀ ਧੀ ਨਾਲ ਗੱਲ ਕਰਨੀ ਹੈ ਫੋਨ ਤੇ । ਕੜ੍ਹਮੀ ਇੱਥੇ ਤਾਂ ਨਹੀ ਆ ਸਕਦੀ ਇੱਕ ਫੋਨ ਤੇ ਹੀ ਗੱਲ ਕਰਦੀ ਸੀ ਹੁਣ ਹਫਤਾ ਹੋ ਗਿਆ ਨਾ ਉਸ ਦਾ ਫੋਨ ਆਇਆ ਹੈ ਤੇ ਨਾ ਹੀ ਇਹ ਮੇਰੀ ਗੱਲ ਕਰਾਉਂਦੇ ਹਨ। ਮੇਰੀ ਤਾਂ ਭੁੱਖ ਹੀ ਮਰ ਗਈ ਹੈ। ਮੈਨੂੰ ਰੋਟੀ ਤੇ ਦਵਾਈਆਂ ਦੀ ਨਹੀ ਬੱਸ ਧੀ ਨਾਲ ਗੱਲ ਕਰਣ ਦੀ ਲੋੜ ਹੈ। ਮੇਰੀ ਇੱਕ ਵਾਰੀ ਗੱਲ ਕਰਾ ਦਿਉ ਮੇਰੇ ਚਾਰ ਦਿਨ ਸੋਖੇ ਨਿਕਲ ਜਾਣਗੇ । ਕੁੜੀਏ ਤੂੰ ਹੀ ਮਿਲਾਦੇ ।ਨੋ ਚਾਰ ਛੇ ਛੇ ਚਾਰ ਦੋ ਸੱਤ ਤੇ ਤਿੰਨ ਤੀਏ।" ਆਂਟੀ ਦੀ ਬੇਬਸੀ ਤੇ ਆਂਟੀ ਦੀ ਨੂੰਹ ਦੀ ਕੋੜੀ ਝਾਕਣੀ ਵੇਖ ਕੇ ਰੋਂਦੀ ਰੋਂਦੀ ਮੈਂ ਬਾਹਰ ਆ ਗਈ।

# ਵੇ ਮੈਂ ਕਿਉਂ ਜੰਮੀ ਧੀ।

ਮੈਂ ਕੋਠੀ ਆ ਕੇ ਮੂਹਰਲਾ ਗੇਟ ਖੋਲਿਆ ।ਕਾਰ ਪਾਰਕ ਕੀਤੀ ਤੇ ਕਮਰੇ ਦਾ ਤਾਲਾ ਖੋਲਿਆ। ਕਿਉਂਕਿ ਜਾਂਦਾ ਚਾਬੀ ਮੈਂ ਨਾਲ ਹੀ ਲੈ ਗਿਆ ਸੀ ਪਤਾ ਨਹੀ ਕਿੰਨੇ ਵੱਜ ਜਾਣਗੇ ਉਥੇ। ਫਿਰ ਦੂਜਿਆਂ ਦੀ ਨੀਂਦ ਕਿਉਂ ਖਰਾਬ ਕਰਨੀ ਹੈ। ਕਪੜੇ ਬਦਲ ਕੇ ਮੈਂ ਚੁੱਪ ਚਾਪ ਲੇਟ ਗਿਆ ਬਿਨਾਂ ਕੋਈ ਖੜਾਕ ਕੀਤੇ। ਮੈਨੂੰ ਸੋਚਾਂ ਚ ਖੁਬੇ  ਨੂੰ ਪਤਾ ਹੀ ਨਹੀ ਲੱਗਿਆ ਮੈਂ ਕਦੋ ਕਲੋਨੀ ਪਹੁੰਚ ਗਿਆ। ਢਾਈ ਤਿੰਨ ਕਿਲੋਮੀਟਰ ਦਾ ਸਫਰ , ਮੈਨੂੰ ਬੱਸ ਅੱਡੇ ਦਾ ਫੋਜੀ ਚੋਕ ਦਾ ਤਿੰਨ ਕੋਨੀ ਦਾ ਤੇ ਨਾ ਹੀ ਰੋਜ ਗਾਰਡਨ ਦਾ , ਸੱਚੀ ਭੋਰਾ ਹੀ ਪਤਾ ਨਹੀ ਕਿ  ਮੈਂ ਕਦੋ ਉਥੋ ਕਰਾਸ ਕੀਤਾ ਹੈ। ਬਸ ਕੋਠੀ ਮੂਹਰੇ ਆ ਕੇ ਪਤਾ ਲੱਗਿਆ ਕਿ ਘਰ ਆ ਗਿਆ। ਮੇਰੀਆਂ ਅੱਖਾਂ ਅੱਗੇ ਇੱਕ ਇੱਕ ਗੱਲ ਘੁੰਮ ਰਹੀ ਸੀ ।ਬੀਜੀ ਦੇ ਡਿੱਗਦੇ ਮੋਟੋ ਮੋਟੇ ਹੰਝੂ ਮੈਥੋਂ ਦੇਖੇ ਨਹੀ ਸੀ ਜਾਂਦੇ।  ਬੀਜੀ ਤੇ ਉਂਜ ਹੀ ਬੀਮਾਰ ਰਹਿੰਦੇ ਹਨ , ਬਾਕੀ ਇਸ ਬੁਢਾਪੇ ਚ ਆ ਕਬੀਲਦਾਰੀ ਦਾ ਝੰਜਟ।

ਦਰਅਸਲ ਘਰ ਤੇ ਰਿਸਤਿਆਂ ਦੀ ਉਲਝੀ ਤਾਣੀ ਤੋਂ ਮੈਂ ਡਾਢਾ ਪ੍ਰੇਸਾਂਨ ਸੀ। ਭੈਣ ਦਾ ਤੇ ਜੀਜੇ ਦਾ ਰੁੱਸਣਾ, ਇੱਕ ਹੱਦ ਤੱਕ ਤਾਂ ਠੀਕ ਸੀ। ਪਰ ਹੁਣ ਤਾਂ ਪਾਣੀ ਸਿਰ ਉੱਤੋਂ ਗੁਜਰ ਚੁਕਿਆ ਸੀ। ਸਾਨੂੰ ਇਸ ਸਮੱਸਿਆ ਦਾ ਕੋਈ ਤੇ ਹੱਲ ਲੱਭਣਾ ਪੈਦਾ ਹੀ ਸੀ। ਇਸ ਤਰਾਂ ਹੱਥ ਤੇ ਹੱਥ ਧਰ ਕੇ ਕਿੰਨੀ ਕੁ ਦੇਰ ਬੈਠਿਆ ਜਾ ਸਕਦਾ ਹੈ। ਜੇ ਪਿਤਾ ਜੀ ਨਹੀ ਹਨ ਤਾਂ ਇਸ ਦਾ ਮਤਲਵ ਇਹ ਤੇ ਨਹੀ ਕਿ ਆਪੇ ਠੀਕ ਹੋਜੂਗਾ ਸੋਚ ਕੇ ਵਕਤ ਗਵਾਈ ਜਾਈਏ। ਗੱਲ ਦਿਨ ਪ੍ਰਤੀਦਿਨ ਬਿਗੜਦੀ ਹੀ ਜਾ ਰਹੀ ਹੈ। ਉਹਨਾ ਦਾ ਗੁੱਸਾ ਸਾਡੇ ਪ੍ਰਤੀ ਵੱਧਦਾ ਹੀ ਜਾ ਰਿਹਾ ਹੈ। ਗਲਤੀ ਤੇ ਉੱਤੋਂ ਦੀ ਹੋਰ ਗਲਤੀ।ਉਹ ਵੀ ਕੀ ਕਰਨ। ਉਹਨਾਂ ਦੇ ਗਿਲੇ ਸਿਕਵੇ ਜਾਇਜ ਹੋ ਸਕਦੇ ਹਨ ਪਰ ਨਰਾਜਗੀ ਪ੍ਰਗਟ ਕਰਨ ਦਾ ਢੰਗ ਗਲਤ ਹੈ।ਉਹ ਬੋਲਦੇ ਹੀ ਗਲਤ ਹਨ। ਐਨੇ ਨਾਜੁਕ ਰਿਸਤਿਆਂ ਵਿੱਚ ਐਨੀ ਗਲਤ ਭਾਸਾ ਸੋਭਦੀ ਨਹੀ।ਪਤਾ ਨਹੀ ਕਿਉਂ ਉਹ ਐਨਾਂ ਗਲਤ ਬੋਲਦੇ ਸਨ। ਸਾਇਦ ਸਾਡੀਆਂ ਗਲਤੀਆਂ ਕਰਕੇ ਜਾਂ ਉਹਨਾਂ ਦੇ ਸੰਸਕਾਰ ਸਨ।

ਇਹ ਮੇਰੀ ਨਿੱਜੀ ਸੋਚ ਸੀ  ਕਿ  ਕਿ ਅਸੀ ਚਾਰੇ ਭਰਾ ਤੇ ਬੀਜੀ ਬੈਠ ਕੇ ਇਸ ਦਾ ਕੋਈ ਠੋਸ  ਹੱਲ ਲੱਭੀਏ।ਏਸੇ ਕਰਕੇ ਮੈਂ  ਕਈ ਵਾਰ ਫੇਸ ਟੂ ਚ ਇਸ ਬਾਰੇ ਫੋਨ ਕੀਤਾ। ਪਰ ਕੋਈ ਗੱਲ ਨਾ ਬਣੀ। ਪਤਾ ਨਹੀ ਉਹਨਾ ਉਹ ਕਿਸ ਗੱਲ

ਤੋਂ ਡਰਦੇ ਸਨ।ਜਾ ਕੋਈ ਉਹਨਾ ਨੂੰ ਆਪਣਾ ਪਾਲਾ ਮਾਰਦਾ ਸੀ। ਵੈਸੇ ਵੱਡੇ ਵੀਰ ਜੀ ਤਾਂ ਕੁਸ ਨਹੀ ਸਨ ਬੋਲਦੇ ਤੇ ਛੋਟਾ ਜਰੂਰ ਉਚੀਆਂ ਗੱਲਾਂ ਕਰਦਾ ਸੀ। ਹਾਂ ਬਾਹਰਆਲੇ ਦਾ ਫੋਨ ਜਰੂਰ ਆ ਗਿਆ ਸੀ ਕਿ ਬਈ ਜਿਵੇਂ ਮਰਜੀ ਕਰ ਲਉ ਮੈਂ ਤੁਹਾਡੇ ਨਾਲ ਹਾਂ। ਵੈਸੇ ਉਹ ਸੁਰੂ ਤੋਂ ਹੀ ਘਰੇਲੂ ਮਸਲਿਆਂ ਵਿੱਚ ਦਿਲਚਸਪੀ ਘੱਟ ਹੀ ਲੈਂਦਾ ਹੈ। ਉਸ ਦੀ ਘਰੇ ਵੀ ਘੱਟ ਹੀ ਪੁੱਗਦੀ ਹੈ। ਭਾਬੀ ਤੇ ਭਤੀਜੀਆਂ ਦਾ ਦਬਦਬਾ ਹੈ। ਉਹ ਪਿਉ ਪੁੱਤ ਤਾਂ ਬਸ ਗੱਲਾਂ ਮਾਰਣ ਜੋਗੇ ਹੀ ਹਨ। ਇਹ ਉਸ ਦੇ ਮੁੰਡੇ ਦੇ ਵਿਆਹ ਤੇ ਵੀ ਨਹੀ ਗਏ ਸਨ ਤੇ ਅਸੀ ਤਿੰਨੇ ਹੀ ਇਸ ਬਾਰੇ ਚੁੱਪ ਹੀ ਰਹੇ ਸੀ ।ਉਸ ਦੇ ਮੁੰਡੇ ਦਾ ਵਿਆਹ ਤੇ ਅਸੀ ਕਿਉਂ ਮਿੰਨਤਾਂ ਕਰੀਏ ਤੇ ਨਾਲੇ ਬੇਇਜੱਤੀ ਕਰਵਾਈਏ।ਤੇ ਹੁਣ ਉਹਨਾਂ ਦਾ ਰੁੱਸਣਾ ਤੇ ਸਾਡਾ ਨਾ ਮਨਾਉਣਾ ਹੀ ਮੁੱਖ ਮੁੱਦਾ ਸੀ। ਉਸ ਦਿਨ ਤਾਂ ਅਸੀ ਭੂਆ ਜੀ ਨੂੰ ਵੀ ਉੱਚੀ ਬੋਲ ਕੇ ਚੁੱਪ ਕਰਾ ਦਿਤਾ ਸੀ ਤੇ ਅੱਜ ਲੱਗਦਾ ਹੈ ਭੂਆ ਜੀ ਠੀਕ ਸਨ ਤੇ ਅਸੀ ਗਲਤ।ਇਹੀ ਤੇ ਫਰਕ ਹੁੰਦਾ ਹੈ ਬਜੁਰਗਾਂ ਦੀ ਸੋਚ ਦਾ ਤੇ ਸਾਡੀ ਸੋਚਣੀ ਦਾ।

ਦਰਅਸਲ ਜਿਸ ਦਿਨ ਦੀ ਬੇਟੇ ਨੇ ਸਿਵਲ ਪ੍ਰੀਖਿਆ ਪਾਸ ਕੀਤੀ ਹੈ ਲੋਕਾਂ ਵਲੋਂ ਬਹੁਤ ਵਧਾਈਆਂ ਮਿਲੀਆਂ। ਰਿਸਤੇਦਾਰ ਨਜਦੀਕੀ ਤੇ ਦੂਰ ਵਾਲੇ , ਯਾਰ ਦੋਸਤ, ਆਂਢੀ ਗੁਆਂਢੀ ਤੇ ਸਾਡੇ ਸਹਿ ਕਰਮੀ ਸੇਵਾਦਾਰ ਤੋਂ ਲੈ ਕੇ ਚੀਫ ਤੱਕ,ਪੀਅਨ ਤੋਂ ਲੈ ਕੇ ਪ੍ਰਿਸੀਪਲ ਤੱਕ ਸਭ ਨੇ ਮੁਬਾਰਕਾਂ ਦਿੱਤੀਆਂ। ਤੇ ਹਰੇਕ ਨੇ ਮੰਗ ਕੇ ਮੂੰਹ ਮਿੱਠਾ ਕੀਤਾ।ਜਿਆਦਾ ਨਜਦੀਕੀਆਂ ਨੂੰ ਤੇ ਮਿਠਾਈ ਦੇ ਡਿੱਬੇ ਵੀ ਵੰਡੇ ਗਏ। ਸਾਡੇ ਘਰੇ ਤਾਂ ਦਿਵਾਲੀ ਵਰਗਾ ਮਾਹੌਲ ਸੀ। ਪਰ ਦੋ ਸਬਦ ਵਧਾਈ ਦੇ ਜੇ ਨਹੀ ਆਏ ਤਾਂ ਭੈਣ ਤੇ ਜੀਜੇ ਵੱਲੋਂ ਨਹੀ ਆਏ। ਹੋਰ ਤਾਂ ਹੋਰ ਭਾਣਜਿਆਂ ਨੇ ਵੀ ਕਾਲ ਨਹੀ ਕੀਤੀ ।ਆਪਣੇ ਡੈਡੀ ਤੋ ਡਰਦਿਆਂ ਨੇ ਜਾਂ ਗੁੱਸੇ ਨਾਲ। ਅਜੇਹੇ ਹਲਾਤਾਂ ਵਿੱਚ ਖੁਸੀ ਥੋੜਾ ਰਹਿ ਜਾਂਦੀ ਹੈ। ਕੋਈ ਭੈਣ ਭਰਾ ਵਿਆਹ ਤੇ ਨਾ ਆਵੇ ਤਾਂ ਉਹਨਾ ਦੇ ਨਾ ਜਾ ਕੇ ਬਦਲਾ ਲਿਆ ਜਾ ਸਕਦਾ ਹੈ ਪਰ ਅਜੇਹੇ ਖੁਸੀ ਦੇ ਮੋਕੇ ਤੇ ਭੈਣ ਦੀ ਚੁੱਪ ਦਿਲ ਚ ਜਰੂਰ ਖੋਰੂ ਪਾਉਂਦੀ ਹੈ। ਬਾਕੀ ਗਿਲੇ ਸਿਕਵੇ ਸਭ ਦੇ ਹੀ ਹੁੰਦੇ ਹਨ। ਜਾਇਜ ਨਾਜਾਇਜ, ਤੇ ਇਹਨਾ ਨੂੰ ਦੂਰ ਕਰਨਾ ਹੀ ਸਿਆਣਪ ਹੁੰਦੀ ਹੈ। ਸਾਡੀ ਖੁਸੀ ਨੂੰ ਇਹ ਗ੍ਰਹਿਣ ਲੱਗਿਆ ਸੀ। ਬਾਕੀ ਜਾਣਕਾਰ ਵੀ ਪੁੱਛ ਪੁੱਛ ਕੇ ਤੰਗ ਕਰਦੇ ਹਨ। ਮੇਰੇ ਸੁਹਰਿਆਂ ਨੇ ਵੀ ਤਿੰਨ ਚਾਰ ਵਾਰੀ ਪੁਛਿਆ। ਬੰਦਾ ਕੀ ਜਵਾਬ ਦੇਵੇ। ਕਿ ਭੈਣ ਕਿਉ ਨਹੀ ਆਈ।

ਖੈਰ ਸੱਤ ਕੁ ਵਜੇ ਮੈਂ ਵੱਡੇ ਘਰੇ ਚਲਾ ਗਿਆ ਸੀ ਫੇਸ ਟੂ ਚ ਤੇ ਛੋਟਾ ਉਥੇ ਮੇਰੇ ਜਾਣ ਤੋਂ ਪਹਿਲਾਂ ਹੀ ਬੈਠਾ ਸੀ। ਬੀਜੀ ਤੇ ਉਥੇ ਹੀ ਹੁੰਦੇ ਹਨ ਤੇ ਕੋਰਮ ਪੂਰਾ ਕਰਨ ਲਈ ਭਾਬੀ ਜੀ ਨੂੰ ਵੀ ਕੋਲ ਬਿਠਾ ਲਿਆ ਗਿਆ। ਸੁਰੂ ਤੋਂ ਹੀ ਭਾਬੀ ਜੀ ਦੀ ਹੀ ਚਲਦੀ ਹੈ ਭਾਬੀ ਜੀ ਦੀ ਪੂਰੀ ਦਖਲ ਅੰਦਾਜੀ ਹੈ। ਜਿਵੇਂ ਲੋਕੀ ਅਕਸਰ ਕਹਿੰਦੇ ਹਨ ਭਾਬੀ ਜੀ ਪੂਰੀ ਰਕਾਣ ਹੈ। ਵੈਸੇ ਸਾਡੇ ਪਰਿਵਾਰ ਵਿੱਚ ਅਜੇਹੇ ਸਬਦ ਬਿਲਕੁਲ ਹੀ ਨਹੀ ਵਰਤੇ ਜਾਂਦੇ। ਸਾਨੂੰ ਤੇ ਪਿਤਾ ਜੀ ਨੇ ਬੜੀ ਸਲੀਲ ਭਾਸਾ ਦੀ ਤਾਲੀਮ ਦਿੱਤੀ ਹੈ।ਅਸੀ ਹਰ ਇੱਕ ਨੂੰ ਵੀਰ ਜੀ ਕਹਿੰਦੇ ਹਾਂ ਤੇ ਜੀ ਤਾਂ ਸਭ ਨੂੰ ਹੀ ਕਹਿੰਦੇ ਹਾਂ।

ਮੈਂ ਵੱਡੇ ਵੀਰ ਜੀ ਨੂੰ ਕਿਹਾ “ ਜਦੋ ਛੋਟੇ ਨੇ ਜੀਜਾ ਜੀ ਦੀ ਵਿਆਹ ਵਿੱਚ ਬੇਇੱਜਤੀ ਕੀਤੀ ਤਾਂ ਤੁਸੀ ਇਸ ਨੂੰ ਸੈਹ ਦਿੱਤੀ ਤੇ ਇਸ ਨੇ ਆਪਣੀ ਗਲਤੀ ਮੰਨਣ ਦੀ ਬਜਾਏ ਉਹਨਾਂ ਨਾਲ ਬੋਲਣਾ ਹੀ ਛੱਡ ਦਿੱਤਾ। ਜਦੋ ਤੁਹਾਡੇ ਸਾਲੇ ਦੇ ਮੁੰਡੇ ਦੇ ਵਿਆਹ ਤੇ ਜੀਜਾ ਜੀ ਨੇ ਤੁਹਾਡੇ ਮਨਮਾਫਿਕ ਰਾਇ ਨਹੀ ਦਿੱਤੀ ਤਾਂ ਤੁਸੀ ਉਹਨਾਂ ਨੂੰ ਵਿਆਹ ਤੇ ਹੀ ਨਹੀ ਬੁਲਾਇਆ। ਤੇ ਜਦੋਂ ਉਹ ਆਪਣੇ ਪਹਿਲੇ ਵਿਆਹ ਤੇ ਨਹੀ ਆਏ ਤਾਂ ਤੁਸੀ ਕਿਹਾ ਜੇ ਨਹੀ ਆਏ ਤਾਂ ਨਾ ਸਹੀ। ਸਾਨੂੰ ਸਭ ਨੂੰ ਰੋਕ ਦਿੱਤਾ ਕਿ ਕੋਈ ਉਹਨਾ ਦੀ ਮਿੰਨਤ ਨਹੀ ਕਰੇਗਾ ।ਜੇ ਉਹਨਾਂ ਦੀ ਹੁਣ ਮਿੰਨਤ ਕੀਤੀ ਤਾਂ ਇਹ ਹਰ ਵਿਆਹ ਤੇ ਸਾਨੂੰ ਤੰਗ ਕਰਣ ਗੇ। ਬੀਜੀ ਨੇ ਕਿਹਾ ਸੀ ਕਿ ਜਾ ਕੇ ਲੈ ਆਉ। ਪਰ ਓਦੋ ਤੁਹਾਡੀ ਘੂਰੀ ਨੇ ਸਾਨੂੰ ਚੁੱਪ ਕਰਾਤਾ ਤੇ ਬੀਜੀ ਵੀ ਚੁੱਪ ਕਰ ਗਏ।ਤੇ ਤੁਸੀ ਉਹਨਾ ਦੇ ਫੰਕਸਨ ਤੇ ਵੀ ਨਹੀ ਜਾਣ ਦਿੱਤਾ।ਉਹਨਾ ਦਾ ਤਾਂ ਪਹਿਲਾ ਫੰਕਸਨ ਸੀ। ਮੁਕਦੀ ਗੱਲ ਇਹ ਹੈ ਮਿੱਤਰੋ ਗਲਤੀਆਂ ਤਾਂ ਹੋਈਆ ਹਨ ਆਪਣੇ ਕੋਲੋ। ਤੇ ਅਸੀ ਕਦੇ ਵੀ ਉਹਨਾ ਗਲਤੀਆਂ ਨੂੰ ਸੁਧਾਰਣ ਦੀ ਕੋਸਿਸ ਵੀ ਨਹੀ ਕੀਤੀ। ਖਾਸ ਕਰ ਤੁਸੀ ਵੀਰ ਜੀ।ਹਰ ਬਾਰ ਸਾਡਾ ਮੂੰਹ ਬੰਨਦੇ ਰਹੇ। ਤੁਸੀ ਵੱਡੇ ਹੋਣ ਦਾ ਫਰਜ ਨਿਭਾਉਣ ਵਿੱਚ ਅਸਫਲ ਰਹੇ। ਤੇ ਇਸ ਨਿੱਕੇ ਦੀ ਮਾਰਫਤ ਆਪਣੀਆਂ ਚਾਲਾਂ ਚਲਦੇ ਰਹੇ।ਮੇਰੀ ਤੁਸੀ ਸੁਰੂ ਤੋਂ ਹੀ ਨਹੀ ਮੰਨੀ। ”

ਮੇਰੀਆਂ ਇਹਨਾਂ ਗੱਲਾਂ ਤੇ ਦੋਨੋ ਭੜਕ ਗਏ। ਦੋਨਾ ਦਾ ਏਕਾ ਸਪਸਟ ਨਜਰ ਆਉਂਦਾ ਸੀ। “ ਸਾਡੇ ਕਸੂਰ ਤਾਂ ਤੈਨੂੰ ਨਜਰ ਆ ਗਏ। ਪਰ ਆਪਣੇ ਵੱਲ ਵੀ ਝਾਤੀ ਮਾਰ। ਤੇਰੀ ਨੋਕਰੀ ਭੱਜਦੀ ਸੀ ਕਿਤੇ ਜਦੋਂ ਤੂੰ ਇਕ ਰਾਤ ਵੀ

ਹਸਪਤਾਲ ਵਿੱਚ ਨਾ ਰੁੱਕ ਸਕਿਆ। ਜੀਜਾ ਜੀ ਦੀ ਮਾਂ ਮਰਨ ਆਲੀ ਪਈ ਸੀ ਤੇ ਤੂੰ ਘਰ ਭੱਜ ਆਇਆ। ਭੈਣ ਨੂੰ ਸੱਤ ਬਿਗਾਨੇ ਬੰਦੇ ਦੇ ਭਰੋਸੇ ਛੱਡ ਕੇ। ਦੁੱਖ ਵੇਲੇ ਵੀ ਤੂੰ ਉਹਨਾ ਦਾ ਸਾਥ ਨਹੀ ਦਿੱਤਾ। ਦੂਜਾ ਉਹਨਾ ਦੇ ਫੰਕਸਨ ਤੇ ਤੂੰ ਸਾਡੇ ਆਖੇ ਨਹੀ ਸੀ ਰੁਕਿਆ ਬਲਕਿ ਇਸ ਲਈ ਨਹੀ ਗਿਆ ਕਿ ਤੂੰ ਇਕੱਲਾ ਖਰਚ ਕਿਉਂ ਕਰੇਂ।ਤੂੰ ਇਹ ਦੱਸ ਤੂੰ ਕਿੰਨੀ ਵਾਰ ਓਥੇ ਕਿਸੇ ਤਿੱਥ ਤਿਉਹਾਰ ਤੇ ਗਿਆ ਹੈ। ਅਸੀ ਹਰ ਬਾਰ ਜਾਂਦੇ ਹਾਂ ਤੇ ਕਿੰਨੀ ਵਾਰੀ ਤਾਂ ਓਥੋ ਬੇਇਜੱਤੀ ਕਰਵਾਕੇ ਆਏ ਹਾਂ। ਹੁਣ ਵੀ ਤੂੰ ਕਿੰਨੀ ਕੁ ਬੀਜੀ ਦੀ ਸਾਰ ਲੈਂਦਾ ਹੈ। ਸਾਰੇ ਰਿਸਤੇਦਾਰ ਇੱਥੇ ਹੀ ਆਉਂਦੇ ਹਨ। ਤੇ ਸਾਰੀ ਖੇਚਲ ਸਾਨੂੰ ਹੀ ਕਰਨੀ ਪੈਂਦੀ ਹੈ। ਦੂਜਿਆਂ ਨੂੰ ਦੋਸ ਦੇਣਾ ਸੋਖਾ ਹੈ ਪਰ ਖੁੱਦ ਦੀ ਪੀੜ੍ਹੀ ਥੱਲੇ ਵੀ ਸੋਟਾ ਮਾਰਨਾ ਚਾਹੀਦਾ ਹੈ।" ਉਹਨਾਂ ਮੇਰੀਆਂ ਗਲਤੀਆਂ ਮੈਨੂੰ ਗਿਣਾਈਆਂ। ਉਹ ਇਸ ਗੱਲ ਤੇ ਵੀ ਔਖੇ ਸਨ ਕਿ ਮੈਂ ਸਰਕਾਰੀ ਚ ਰਹਿੰਦਾ ਹਾਂ ਮਾਂ ਪਿਉ ਦੀ ਸੰਭਾਲ ਨਹੀ ਕਰਦਾ। ਹਲਾਂਕਿ ਛੋਟਾ ਮਾਂ ਪਿਉ ਨੂੰ ਇੱਕਲਿਆਂ ਨੂੰ ਪਿੰਡ ਛੱਡ ਆਇਆ ਸੀ। ਇਹ ਤਾਂ ਵੱਡੇ ਵੀਰ ਹੀ ਸਨ ਜੋ ਉਹਨਾ ਨੂੰ ਸਹਿਰ ਲੈ ਆਏ ਤੇ ਉਹਨਾ ਦੇ ਬੱਚੇ ਸੋਖੇ ਪੜ੍ਹ ਗਏ । ਕੋਠੀ ਦੀ ਰਖਵਾਲੀ ਵੀ ਹੁੰਦੀ ਰਹੀ । ਬਾਕੀ ਬੀਜੀ ਪੂਰੀ ਰਸੋਈ ਸੰਭਾਲ ਲੈਂਦੇ ਸਨ।

"ਕਾਰਣ ਇੱਕਲਾ ਇਹੀ ਨਹੀ ਹੈ ।ਗੱਲ ਇਹ ਹੈ ਕਿ ਇਹ ਮਸਲਾ ਪਿਤਾ ਜੀ ਦੇ ਜਾਣ ਤੋਂ ਬਾਦ ਹੀ ਕਿਉਂ ਬਿਗੜਿਆ ਹੈ। ਬੀਜੀ ਸਾਰਾ ਦਿਨ ਘਰੇ ਇੱਕਲੇ ਹੁੰਦੇ ਹਨ ਤੇ ਉਹਨਾਂ ਨੇ ਵੀ ਤਾਂ ਆਪਣਾ ਟਾਇਮ ਪਾਸ ਕਰਨਾ ਹੋਇਆ। ਉਹ ਹਰ ਰੋਜ ਫੋਨ ਕਰਦੇ ਹਨ। ਘਰ ਦੀ ਹਰ ਛੋਟੀ ਛੋਟੀ ਗੱਲ ਕਰਦੇ ਹਨ। ਤੇ ਇਹਨਾਂ ਗੱਲਾਂ ਤੋ ਹੀ ਕੋਈ ਨਾ ਕੋਈ ਗੱਲ ਨਿਕਲ ਆਉਂਦੀ ਹੈ ਤੇ ਗੱਲ ਬਿਗੜ ਜਾਂਦੀ । ਪਰ ਬੀਜੀ ਵੀ ਕੀ ਕਰਨ।ਐਡੀ ਵੱਡੀ ਕੋਠੀ ਤੇ ਬੀਜੀ ਇਕੱਲੇ। ਬਾਕੀ ਮਾਂ ਤੇ ਧੀ ਦਾ ਰਿਸਤਾ ਹੀ ਐਸਾ ਹੁੰਦਾ ਹੈ। ਧੀਆਂ ਤਾਂ ਆਪਣੇ ਵੀ ਹਨ। ਦੁੱਖ ਸੁੱਖ ਕਰਨਾ ਗਲਤ ਨਹੀ ।ਗਲਤ ਤਾਂ ਇੱਕ ਦੂਜੇ ਦੀ ਬੁਰਾਈ ਕਰਨਾ ਹੈ।" ਮੈਂ ਗੱਲ ਨੂੰ ਹੋਰ ਸਾਫ ਸਬਦਾਂ ਵਿੱਚ ਕਹਿਣ ਦੀ ਕੋਸਿਸ ਕੀਤੀ।

ਬੀਜੀ ਚੁੱਪ ਬੈਠੇ ਸਨ ਤੇ ਪਰਲ ਪਰਲ ਹੰਝੂ ਬਹਾ ਰਹੇ ਸਨ। "ਮਿੱਤਰੋ ਅੱਜ ਪਿਤਾ ਜੀ ਹੁੰਦੇ ਤਾਂ ਇਹ ਨੋਬਤ ਨਹੀ ਸੀ ਆਉਣੀ। ਉਹਨਾਂ ਨੇ ਗੱਲ ਏਨੀ ਵੱਧਣ ਹੀ ਨਹੀ ਸੀ ਦੇਣੀ। ਐਂਵੇ ਤਾਂ ਨਹੀ ਲੋਕੀ ਵੱਡਿਆਂ ਨੂੰ ਝੁਰਦੇ। ਅਜੇ ਵੀ

ਡੁਲ੍ਹੇ ਬੇਰਾਂ ਦਾ ਕੁਝ ਨਹੀ ਬਿਗੜਿਆ। ਹਰ ਘਰ ਵਿੱਚ ਕਿਸੇ ਵੱਡੇ ਦਾ ਹੋਣਾ ਕਿੰਨਾ ਲਾਜਮੀ ਹੁੰਦਾ ਹੈ। ਜਾ ਸਾਨੂੰ ਹੀ ਘੱਟੋ ਘੱਟ ਵੱਡਿਆਂ ਵਾਲੀ ਸੋਚ ਅਪਨਾਉਣੀ ਚਾਹੀਦੀ ਹੈ। ਬੀਜੀ ਉੱਚੀ 2 ਰੋਣ ਲੱਗ ਪਏ ਤੇ ਭਾਬੀ ਜੀ ਵੀ ਉੱਚੀ ਬੋਲਣ ਲੱਗ ਪਏ ਕਿਉਂਕਿ ਉਹਨਾਂ ਨੂੰ ਡਰ ਸੀ ਕਿ ਵੱਡੇ ਵੀਰ ਜੀ ਦਿਮਾਗ ਤੇ ਟੈਂਸਨ ਨਾ ਪਾ ਲੈਣ। ਗੱਲ ਕਿਸੇ ਸਿੱਟੇ ਤੇ ਨਾ ਪਹੁੰਚੀ ਤੇ ਮੈਂ ਉਥੋਂ ਉਠ ਆਇਆ।ਇਹਨਾਂ ਸੋਚਾਂ ਵਿੱਚ ਹੀ  ਪਲਾਂਟ ਦੇ ਸਾਇਰਨ ਦੀ ਆਵਾਜ ਨੇ ਮੈਂਨੂੰ ਚੋਕਾਂ ਦਿੱਤਾ। ਸਵੇਰ ਦੀ ਸਿਫਟ ਸੁਰੂ ਹੋ ਗਈ ਸੀ ਤੇ ਮੈਂ ਅਜੇ ਉੱਠ ਕੇ ਤਿਆਰ ਵੀ ਹੋਣਾ ਸੀ।

" ਵੇ ਮੈਂ ਕਿਉਂ ਜੰਮੀ ਧੀ ਵੇ ਮੈਂ ਕਿਉਂ ਜੰਮੀ।" ਬੀਜੀ ਦੇ ਬੋਲ ਮੇਰੇ ਕੰਨਾ ਵਿੱਚ ਅਜੇ ਵੀ ਗੂੰਜ ਰਹੇ ਸਨ। ਸਮਝ ਨਹੀ ਸੀ ਆ ਰਿਹਾ ਕਿ ਕਸੂਰ ਧੀ ਦੇ ਜੰਮਣ ਦਾ ਸੀ ਜਾਂ ਧੀ ਦੀ ਸੰਭਾਲ ਦਾ ਸੀ ਜੋ ਅਸੀ ਕਰ ਨਹੀ ਸਕੇ।

# ਕਿੰਨੀ ਕਮਲੀ ਹਾਂ ਮੈਂ

ਵੇਖੋ ਜੀ ਮੈ ਤਾਂ ਸੁਣ ਕੇ ਸੁੰਨ ਹੀ ਹੋ ਗਈ ਜਦੋ ਇਸ ਨੇ ਕੁੜੀ ਨੂੰ ਕਹਿਤਾ ਬਈ ਸਾਡੇ ਘਰੇ ਨਾ ਵੜ੍ਹੀ।ਮੇਰੀ ਵੀ ਹੋਕਾ ਜਿਹਾ ਨਿੱਕਲ ਗਿਆ। ਤੇ ਕਾਂਤਾ ਦਰਵਾਜੇ ਕੋਲੇ ਖੜੀ ਮੁਸਕੜੀ ਜਿਹੀ ਹਾਸੀ ਹੱਸਦੀ ਰਹੀ। ਇਸ ਨੇ ਇੱਕ ਵਾਰੀ ਵੀ ਨਹੀ ਕਿਹਾ ਕਿ ਜੀ ਤੁਸੀ ਕੁੜੀ ਨੂੰ ਇੰਜ ਨਾ ਆਖੋ। ਪਰ ਇਹ ਕਿਉਂ ਆਖਦੀ ਹੈ ਸਾਰੀ ਪੁਆੜੇ ਦੀ ਜੜ੍ਹ ਤਾਂ ਇਹੀ ਹੈ।

ਪਰ ਜੀ ਜਵਾਬ ਤਾਂ ਕੁੜੀ ਨੇ ਵੀ ਪਟਾਕ ਦੇਣੇ ਮੂੰਹ ਤੇ ਮਾਰਿਆ। ਕਹਿੰਦੀ ਮੈਂ ਤੇਰੇ ਘਰੇ ਕਦੋਂ ਆਉਂਦੀ ਹਾਂ। ਮੈ ਤਾਂ ਮੇਰੀ ਮਾਂ ਨੂੰ ਮਿਲਣ ਆਉਂਦੀ ਹਾਂ। ਤੇਰੇ ਘਰੇ ਤਾਂ ਮੈਂ ਤੇਰੇ ਰੱਖੇ ਪਾਠ ਤੇ ਨਹੀ ਆਈ। ਤੇਰੇ ਮੁੰਡੇ ਦੇ ਮੰਗਣੇ ਤੇ ਨਹੀ ਆਈ ਤੇ ਨਾ ਹੀ ਉਸਦੇ ਵਿਆਹ ਤੇ ਆਈ ਸੀ। ਪਤਾ ਹੈ ਮੈਨੂੰ ਤੇਰੇ  ਘਰੇ ਤਾਂ ਤੇਰਾ ਸਹੁਰਾ ਪਰਿਵਾਰ ਹੀ ਆ ਸਕਦਾ ਹੈ। ਫਿਰ ਇਹ ਮੂਤ ਦੀ ਝੱਗ ਤਰਾਂ ਬੈਠ ਗਿਆ ਤੇ ਇਸ ਨੂੰ ਕੋਈ ਗੱਲ ਨਾ ਆਉੜੀ।

ਬੀਜੀ ਜੀ ਨੂੰ ਚੋਵੀ ਘੰਟੇ ਬਸ ਓਹੀ ਗੱਲਾਂ ਯਾਦ ਆਉਂਦੀਆਂ ਰਹਿੰਦੀਆਂ। ਇਹ ਓਹੀ ਘਰ ਹੈ ਜਿੱਥੇ ਧੀ ਭੈਣ ਤੇ ਭੁਆ ਵਿੱਚ ਕੋਈ ਫਰਕ ਨਹੀ ਸਮਝਿਆ ਜਾਂਦਾ ਸੀ। ਜਿੱਥੇ ਮਮੂਲੀ ਤਨਖਾਹ ਵਾਲਾ ਜੇਬੀਟੀ ਮਾਸਟਰ ਪੰਜ ਪੰਜ ਭੈਣਾਂ ਦੇ ਕਾਰਜ ਕਰਦਾ ਹੋਇਆ ਕਦੇ ਵੀ ਮੱਥੇ ਤੇ ਵੱਟ ਨਾ ਪਾਉਂਦਾ। ਤੇ ਉਹ ਵੀ ਨਨਾਣਾ ਲਈ ਆਪਣੀ ਪੇਕਿਆ ਦੇ ਦਾਜ ਵਾਲੀ ਪੇਟੀ ਖੋਲ ਦਿੰਦੀ ਸੀ। ਲੈ ਲੋ ਜੀ ਜ਼ੋ ਚਾਹੀਦਾ ਹੈ ਪਰ ਦਿਮਾਗ ਤੇ ਭੋਰਾ ਟੈਂਸਨ ਨਾ ਲਿਉ।ਜੋ ਹੈ ਜੀ ਬੱਸ ਆਪਣਾ ਹੈ । ਮੈ ਕੀ ਕਰਨਾ ਹੈ। ਤੁਸੀ ਭੈਣਾਂ ਦੇ ਕਾਰਜ ਨੇਪਰੇ ਚਾੜੋ।ਤੇ ਇਹ ਵੀ ਇਸਦੇ ਹੋਸਲੇ ਨਾਲ ਚਿੰਤਾ ਮੁਕਤ ਹੋ ਜਾਂਦੇ।

ਪਰ ਗੱਲ ਤਾਂ ਸਾਰੀ ਇਹਨਾ ਦੇ ਜਾਣ ਮਗਰੋ ਵਿਗੜੀ।ਹਰ ਇੱਕ ਨੂੰ ਆਜਾਦੀ ਤਾਂ ਇਹਨਾ ਨੇ ਜਿਉਂਦੇ ਜੀ ਹੀ ਦੇ ਦਿੱਤੀ ਸੀ। ਇਹ ਪਰਿਵਾਰਾਂ ਵਾਲੇ ਬਣ ਗਏ। ਤੇ ਭੁੱਲ ਗਏ ਮਾਂ ਪਿਉ ਦੇ ਦੁੱਖਾਂ ਨੂੰ। ਬੱਸ ਇਹਨਾ ਨੂੰ ਆਪਣੇ ਬੱਚੇ ਤੇ ਆਪਣੇ ਸਹੁਰੇ ਹੀ ਦਿਸਦੇ ਹਨ।ਭੂਆ ਭੈਣਾਂ ਤਾਂ ਬੋਝ ਲੱਗਣੀਆਂ ਹੀ ਸੀ ਇਹਨਾਂ ਨੂੰ ਤਾਂ ਹੁਣ ਮਾਂ ਵੀ ਬੋਝ ਲੱਗਦੀ ਹੈ। ਮਾਂ ਦੀ ਰੋਟੀ ਹੀ ਪਹਾੜ ਲੱਗਦੀ ਹੈ। ਪੈਸੇ ਦੇ ਹੰਕਾਰ ਨੇ ਇਹਨਾ ਦਾ ਦਿਮਾਗ ਹੀ ਹਿਲਾ ਦਿੱਤਾ। ਬਸ ਆਪਣੀ ਕਬੀਲਦਾਰੀ ਵਿੱਚ ਮਸਤ ਹੋਕੇ ਸਭ ਨੂੰ ਭੁੱਲ ਬੈਠੇ ਹਨ।

ਤੁਸੀ ਤਾਂ ਜੀ ਠੀਕ ਹੀ ਕਿਹਾ ਸੀ ਜੀ । ਆਪਾਂ ਨੂੰ ਆਪਣਾ ਪਿੰਡ ਆਲਾ ਘਰ ਨਹੀ ਸੀ ਵੇਚਣਾ ਚਾਹੀਦਾ। ਇਹ ਤੁਹਾਨੂੰ ਵੀ ਤਾਂ ਮੌਕੇ ਬੇਮੌਕੇ ਗਰਮ ਬੋਲਦਾ ਸੀ ਤੇ ਤੁਸੀ ਕਹਿੰਦੇ ਸੀ ਕਿ ਆਪਣੇ ਕੋਲ ਆਪਣੀ ਪੈਨਸ਼ਨ ਹੈਗੀ ਫਿਰ ਆਪਾਂ ਕਿਉ ਕਿਸੇ ਦੀ ਕਿੱਚ ਕਿੱਚ ਸਹੀਏ।ਜੇ ਆਪਣੇ ਕੱਚੇ ਕੋਠੇ ਆਪਣੇ ਹੁੰਦੇ ਤਾਂ ਆਪਾਂ ਜੀ ਉਥੇ ਜਾਕੇ ਬੈਠ ਜ਼ਾਂਦੇ।ਫਿਰ ਚਾਹੇ ਧੀ ਮਿਲਣ ਆਉਂਦੀ ਚਾਹੇ ਭੈਣ।

ਪਰ ਜੀ ਮੈਨੂੰ ਤਾਂ ਇਸ ਗੱਲ ਦੀ ਸਮਝ ਨਹੀ ਆਈ ਕਿ ਆਪਣਾ ਸਾਂਝਾ ਮਕਾਨ ਵੇਚਣ ਦੀ ਇੰਨੀ ਕਾਹਲੀ ਕਿਉਂ ਕੀਤੀ? ਤੁਸੀ ਵੀ ਨਾ ਸੋਚਿਆ ਭੋਰਾ ਵੀ। ਔਲਾਦ ਦਾ ਕੀ ਭਰੋਸਾ ਹੁੰਦਾ ਹੈ। ਆਪਣੇ ਬੁਢਾਪੇ ਦਾ ਇੰਤਜਾਮ ਕਰਕੇ ਰੱਖਣਾ ਚਾਹੀਦਾ ਸੀ। ਪਲਾਂ ਵਿੱਚ ਹੀ ਇੰਨੀਆਂ ਮਿਹਨਤਾ ਨਾਲ ਬਣਾਇਆ ਘਰ ਵੇਚ ਦਿੱਤਾ ਤੇ ਪੈਸੇ ਵੀ ਇੰਨਾ ਨੂੰ ਵੰਡ ਦਿੱਤੇ। ਨਾ ਦੱਸੋ ਪੈਸੇ ਕਿਤੇ ਭੱਜਣ ਲੱਗੇ ਸਨ। ਹੁਣ ਅਗਲੇ ਕੋਠੀਆਂ ਵਾਲੇ ਹੋ ਗਏ ਤੇ ਮੈ ਬੇਘਰ ਹੋ ਗਈ।ਮੰਨੋ ਨਾ ਮੰਨੋ ਗਲਤੀ ਤਾਂ ਹੋਈ ਹੈ ਨਹੀ ਤਾਂ ਆਹ ਦਿਨ ਨਾ ਦੇਖਣੇ ਪੈਂਦੇ।ਮੈ ਕੱਚੇ ਢਾਰਿਆਂ ਵਿੱਚ ਆਪਣਾ ਰੰਡੇਪਾ ਕੱਟ ਲੈਂਦੀ। ਮੈਂ ਮਰ ਕਿਉਂ ਨਾ ਗਈ ਜਦੋ ਮੇਰੇ ਸਾਹਮਣੇ ਇਹਨੇ ਇਸ ਘਰ ਜੀ ਜੰਮੀ ਨੂੰ ਐਡੀ ਵੱਡੀ ਗੱਲ ਆਖ ਦਿੱਤੀ।

ਮੈ ਤਾਂ ਇੱਕ ਦਿਨ ਵੱਡੇ ਨੂੰ ਗੱਲਾਂ ਗੱਲਾਂ ਵਿੱਚ ਕਹਿ ਦਿੱਤਾ ਸੀ ਕਿ ਭਾਈ ਅਸੀ ਤਾਂ ਆਪਣਾ ਘਰ ਵੇਚ ਕੇ ਗਲਤੀ ਕਰ ਲਈ । ਸਾਡੇ ਤਾਂ ਚਾਰ ਪੁੱਤ ਹਨ ਸਾਨੂੰ ਇੱਕ ਨਾ ਰੱਖੂ ਦੂਜਾ ਸਹੀ ਦੂਜਾ ਨਹੀ ਤੀਜਾ ਚੋਥਾ ਕੋਈ ਤਾਂ ਰੱਖੂ। ਪਰ ਤੁਸੀ ਇਹ ਗਲਤੀ ਨਾ ਕਰਿਉ। ਤੁਹਾਡੇ ਚਾਰਾਂ ਦੇ ਤਾਂ ਇੱਕ ਇੱਕ ਮੁੰਡਾ ਹੈ ਤੇ ਜੇ ਉਸਨੇ ਤੁਹਾਨੂੰ ਬੁਢਾਪੇ ਚ ਆਪਣੇ ਕੋਲ ਨਾ ਰੱਖਿਆ ਤਾਂ ਤੁਹਾਡਾ ਕੀ ਬਣੂ।ਇੰਨਾ ਸੁਣ ਕੇ ਵੱਡੇ ਦਾ ਮੂੰਹ ਉਤਰ ਗਿਆ ਸੀ ਤੇ ਮਿਣ ਮਿਣ ਕਰਦਾ ਸੀ।

ਵੈਸੇ ਜੀ ਤੁਸੀ ਚੰਗੇ ਨਿੱਕਲ ਗਏ ਜ਼ੋ ਇਹਨਾ ਤੋ ਸਮੇ ਨਾਲ ਖਹਿੜਾ ਛੁਡਾ ਗਏ। ਮੈਨੂੰ ਵਿਚਾਲੇ ਛੱਡ ਗਏ ਇਹਨਾ ਦੀਆਂ ਬੁਲਬਲੀਆਂ ਸਹਿਣ ਨੂੰ। ਤੁਸੀ ਵੀ ਮੇਰੇ ਨਾਲ ਠੀਕ ਨਹੀ ਕੀਤਾ।ਪਰ ਇਹਨਾ ਨੂੰ ਖੁਲ੍ਹੀਆਂ ਛੂਟਾਂ ਦੇਣ ਵਾਲੇ ਵੀ ਤਾਂ ਤੁਸੀ ਹੀ ਸੀ। ਜੇ ਬਚਪਣ ਤੋ ਹੀ ਨਕੇਲ ਪਾਕੇ ਰੱਖੀ ਹੁੰਦੀ ਤਾਂ ਇਹਨਾ ਦੀ ਕੀ ਮਜਾਲ ਸੀ ਮੈਨੂੰ ਜਾ ਮੇਰੀ ਧੀ ਨੂੰ ਅਵਾ ਤਵਾ ਬੋਲ ਜਾਂਦੇ।ਹੁਣ ਇਹ ਸਾਨੂੰ ਮੁੱਲ ਦੀ ਰੋਟੀ ਦੇਣ ਤੋਂ ਵੀ ਕੰਨੀ ਕਤਰਾਉਦੇ ਹਨ। ਇਹਨਾ ਦੀ ਨੀਤ ਤਾਂ ਉਦੋ ਹੀ ਦਿਖ ਗਈ

ਸੀ ਜਦੋ ਛੋਟਾ ਸਾਨੂੰ ਇਕੱਲਿਆਂ ਨੂੰ ਪਿੰਡ ਛੱਡ ਆਇਆ ਸੀ ਤੇ ਆਪ ਸਹਿਰ ਮਕਾਨ ਲੈਕੇ ਰਹਿਣ ਲੱਗ ਪਿਆ ਸੀ। ਪਰ ਆਪਾਂ ਉਦੋ ਵੀ ਨਹੀ ਸਮਝੇ।

ਬੀਜੀ ਉਠੋ ਆਪਾਂ ਸੈਰ ਨੂੰ ਲੇਟ ਹੋ ਗਏ। ਨਾਲੇ ਤੁਸੀ ਕੀ ਬੁੜਬੁੜਾ ਰਹੇ ਸੀ। ਤੁਹਾਡੀ ਤਾਂ ਧੜਕਣ ਬਹੁਤ ਤੇਜ਼ ਹੋਈ ਪਈ ਹੈ। ਵੱਡੇ ਨੇ ਮੈਨੂੰ ਹਲੂਣ ਕੇ ਉਠਾਇਆ। ਪਰ ਉਸਨੂੰ ਕੀ ਦੱਸਾਂ ਮੈ ਤੇਰੇ ਹੀ ਦਿੱਤੇ ਦੁੱਖ ਤੇਰੇ ਪਿਤਾ ਜੀ ਕੋਲ ਫਰੋਲਕੇ ਮਨ ਹੋਲਾ ਕਰ ਰਹੀ ਸੀ। ਉਸ ਨੇ ਮੇਰੇ ਸਿਰਹਾਣੇ ਰੱਖਿਆ ਤਾਂਬੇ ਦੇ ਗੜਵੇ ਚ ਰੱਖਿਆ ਪਾਣੀ ਪੀਣ ਨੂੰ  ਦਿੱਤਾ । ਤੇ ਮੈ ਇੱਕੋ ਸਾਹ ਸਾਰਾ ਪਾਣੀ ਪੀ ਗਈ। ਸੱਚੀ ਸੁਫਨੇ ਵੀ ਕਿੰਨੇ ਅਜੀਬ ਹੁੰਦੇ ਹਨ। ਆਦਮੀ ਨਾਲ ਜ਼ੋ ਬੀਤਦੀ ਹੈ ਜ਼ੋ ਉਸ ਦੇ ਦਿਲ ਵਿੱਚ ਹੁੰਦਾ ਹੈ ਤੇ ਜ਼ੋ ਉਹ ਬੋਲ ਨਹੀ ਸਕਦਾ ਜਾ ਇਉ ਕਹਿ ਲਵੋ ਉਸ ਨੂੰ ਜ਼ੋ ਬੋਲਣ ਨਹੀ ਦਿੱਤਾ ਜਾਂਦਾ ਉਹੀ ਸੁਫਨੇ ਵਿੱਚ ਬੋਲਕੇ ਆਪਣਾ ਗੁਬਾਰ ਕੱਢ ਲੈਂਦਾ ਹੈ। ਇੱਕ ਵਾਰੀ ਤਾਂ ਮੇਰੇ ਦਿਲ ਵਿੱਚ ਆਇਆ ਕਿ ਸੁਫਨੇ ਵਾਲੀ ਸਾਰੀ ਗੱਲ ਇਸਦੇ ਕੰਨਾਂ ਵਿੱਚਦੀ ਕੱਢ ਦਿਆਂ। ਫਿਰ ਸੋਚਿਆ ਕਾਹਨੂੰ ਮਨਾਂ ਮੂੰਹ ਦਾ ਸਵਾਦ ਖਰਾਬ ਕਰਨਾ ਹੈ ਜਦੋ ਰੋਟੀ ਵੀ ਤਾਂ ਇਥੋ ਹੀ ਖਾਣੀ ਹੈ। ਮੰਨਿਆ ਕਿ ਇਹ ਡਰਾਮੇ ਵੀ ਬਹੁਤ ਕਰਦਾ ਹੈ ਪਰ ਦੂਜਿਆ ਨਾਲੋ ਫਿਰ ਵੀ ਚੰਗਾ ਹੈ ਰੋ ਪਿੱਟ ਕੇ ਹੀ ਸਹੀ ਪੈਸੇ ਲੈਕੇ ਹੀ ਸਹੀ ਰੋਟੀ ਤਾਂ ਦਿੰਦਾ ਹੈ  ਵੇਲੇ ਕੁਵੇਲੇ ਦਵਾਈ ਵੀ ਦਿਵਾਉਦਾ ਹੈ । ਔੜ੍ਹ ਪੋੜ੍ਹ ਵੀ ਕਰਦਾ ਹੈ। ਉਹ ਤਾਂ ਭੋਰਾ ਪੁੱਛਦੇ ਵੀ ਨਹੀ ਕਿ ਬੀਜੀ ਠੀਕ ਹੋ।ਕਦੇ ਰੋਟੀ ਪਾਣੀ ਵੀ ਨਹੀ ਪੁੱਛਿਆ। ਗੇੜਾ ਵੀ ਕੰਮ ਜਾ  ਮਤਲਬ ਵੇਲੇ ਹੀ ਮਾਰਦੇ ਹਨ। ਮੈ ਕੀ ਕਰਨਾ ਉਹਨਾ ਦੀਆਂ ਚਾਰ ਕਨਾਲਾਂ ਵਾਲੀ ਸਰਕਾਰੀ ਕੋਠੀ ਨੂੰ ਜਿੱਥੇ ਮੈਨੂੰ ਕਦੇ ਰਾਤ ਕੱਟਣ ਦਾ ਹੁਕਮ ਨਹੀ ਹੋਇਆ। ਭਾਂਵੇ ਚਾਰ ਚਾਰ ਨੋਕਰ ਹੋਣ ਉਸਦੇ ਘਰੇ ਮੈਨੂੰ ਕਿਸੇ ਨੇ ਕਦੇ ਪਾਣੀ ਦਾ ਗਿਲਾਸ ਨਹੀ ਫੜਾਇਆ।ਭਾਵੇ ਕੋਈ ਕਿੰਨਾ ਪੈਸੇ ਵਾਲਾ ਹੀ ਕਿਉ ਨਾ ਹੋਵੇ ਕਿੰਨਾ ਵੱਡਾ ਅਫਸਰ ਬਣ ਗਿਆ ਹੋਵੇ। ਮੈਨੂੰ ਕੀ ਭਾਅ।ਮੈਨੂੰ ਤਾਂ ਇਹ ਡਰਾਮੇ ਬਾਜ ਹੀ ਚੰਗਾ ਹੈ । ਸ਼ਰਮੋ ਸ਼ਰਮੀ ਸੰਭਾਲਦਾ ਤਾਂ ਹੈ। ਲੋਕਾਂ ਚ ਇੱਜਤ ਤਾਂ ਬਣੀ ਹੈ ਭੋਰਾ। ਕਿਸੇ ਦੇ ਬੈਠੇ ਤੋਂ ਤਾਂ ਬੇਇੱਜਤੀ ਨਹੀ ਕਰਦਾ। ਨੱਕ ਬੁਲ੍ਹ ਚੜ੍ਹਾਕੇ ਹੀ ਸਹੀ ਦੋ ਟਾਇਮ ਰੋਟੀ ਤਾਂ ਦਿੰਦੀ ਹੈ।ਬੋਲਣ ਦਾ ਹੀ ਕੱਬਾ ਹੈ। ਮੈ ਉਠ ਕੇ ਉਸਦੇ ਨਾਲ ਸੈਰ ਲਈ ਤੁਰ ਪੈਂਦੀ ਹਾਂ।ਉਹ ਹੱਥ ਫੜ੍ਹਕੇ ਮੈਨੂੰ ਤੋਰਦਾ ਹੈ।  ਨਾਲੇ ਉਹ ਰੋਟੀ ਦਿੰਦਾ ਹੈ ਸੰਭਾਲ ਕਰਦਾ ਹੈ ਪਰ ਫਿਰ ਵੀ ਉਸੇਦੇ ਖਿਲਾਫ ਸ਼ਿਕਾਇਤਾਂ

ਕਰਦੀ ਰਹਿੰਦੀ ਹਾਂ ਤੇ ਜ਼ੋ ਸੰਭਾਲ ਨਹੀ ਕਰਦੇ। ਕਦੇ ਬਾਤ ਨਹੀ ਪੁੱਛਦੇ।ਕਦੇ ਮੇਰੀ ਧੀ ਨੂੰ ਨਹੀ ਸੰਭਾਲਦੇ। ਕਿਸੇ ਤਿੱਥ ਤਿਉਹਾਰ ਤੇ ਵੀ ਨਹੀ ਸੰਭਾਲਦੇ। ਹੋਰ ਤਾਂ ਹੋਰ ਉਹ ਮਹਾਂਰਾਣੀ ਤਾਂ ਮੇਰਾ ਹਸਪਤਾਲ ਚ ਪਤਾ ਲੈਣ ਵੀ ਨਹੀ ਆਈ ਸੀ। ਅਖੇ ਬੀਜੀ ਮੈ ਥੱਕ ਜਾਂਦੀ ਹਾਂ ਨੌਕਰੀ ਤੇ ਹੀ । ਫਿਰ ਵੀ ਮੈਂ ਉਹਨਾ ਨੂੰ ਕੁਝ ਨਹੀ ਕਹਿੰਦੀ ।ਕਦੇ ਨਹੀ ਕਿਹਾ ਵੇ ਮੈ ਸੋਡੀ ਵੀ ਮਾਂ ਹਾਂ । ਤੁਹਾਨੂੰ ਵੀ ਆਪਣੀ ਕੁੱਖ ਚੋ ਜਨਮ ਦਿੱਤਾ ਹੈ। ਸੱਚੀ ਕਿੰਨੀ ਕਮਲੀ ਹਾਂ ਮੈ ।

## ਕੱਚੇ ਘਰ ਤੇ ਪੱਕੇ ਰਿਸ਼ਤੇ

ਮੇਰੇ ਬਚਪਨ ਦੇ ਪਹਿਲੇ ਪੰਦਰਾਂ ਸਾਲ ਪਿੰਡ ਵਿੱਚ ਹੀ ਗੁਜਰੇ ਹਨ। ਉੱਨੀ ਸੋ ਸੱਠ ਤੋ ਲੈ ਕੇ ਉੱਨੀ ਸੋ ਪੱਝਤਰ ਤੱਕ ਮੈਂ ਪਿੰਡ ਘੁਮਿਆਰੇ ਹੀ ਰਿਹਾ । ਦੱਸਵੀ ਕਰਨ ਤੋਂ ਬਾਦ ਕਾਲਜ ਦੀ ਪੜਾਈ ਸਮੇਂ ਅਸੀ ਸਹਿਰ ਆ ਗਏ। ਜਿੰਦਗੀ ਦੇ ਪਹਿਲੇ ਛੇ ਕੁ ਸਾਲ ਅਸੀ ਮੇਰੇ ਦਾਦਾ ਜੀ ਨਾਲ ਰਹੇ ਤੇ ਉਨੀ ਸੋ ਛਿਆਹਟ ਵਿੱਚ ਸਾਨੂੰ ਅਲੱਗ ਘਰ ਲੈ ਦਿੱਤਾ। ਜੋ ਉਹਨਾ ਨੇ ਤਿੰਨ ਜਣਿਆ ਤੋ ਖਰੀਦਿਆ ਸੀ ਮਤਲਬ ਤਿੰਨ ਘਰਾਂ ਨੂੰ ਮਿਲਾ ਕੇ ਖਹੀਦਿਆ ਇਹ ਘਰ ਮਸਾ ਤੀਹ ਗੁਣਾ ਛੱਤੀ ਫੁੱਟ ਦਾ ਸੀ। ਤੇ ਸਾਡਾ ਪੁਰਾਣਾ ਘਰ ਸਿਰਫ ਦੱਸ ਗੁਣਾ ਤੀਹ ਫੁੱਟ ਦਾ ਹੀ ਸੀ। ਪੁਰਾਣੇ ਘਰ ਵਿੱਚ ਇੱਕ ਛੋਟੀ ਜਿਹੀ ਹੱਟੀ , ਇੱਕ ਕੱਚੀ ਸਵਾਤ ਦੇ ਇੱਕ ਛੋਟਾ ਜਿਹਾ ਦਰਵਾਜਾ ਸੀ। ਘਰ ਦਾ ਵਿਹੜਾ ਮਸਾਂ ਦਸ ਗੁਣਾ ਦਸ ਦਾ ਹੀ ਸੀ। ਪੁਰਾਣੇ ਘਰ ਦੇ ਮੁਕਾਬਲੇ ਸਾਡਾ ਇਹ ਨਵਾਂ ਘਰ ਬਹੁਤ ਵੱਡਾ ਸੀ।

ਪੁਰਾਣੇ ਘਰ ਵਿੱਚ ਕੋਈ ਗੁਸਲਖਾਨਾ ਜਾ ਪਖਾਨਾ ਨਹੀ ਸੀ। ਰਫਾ ਹਾਜਤ ਲਈ ਬਾਹਰ ਹੀ ਜਾਣਾ ਪੈਂਦਾ ਸੀ। ਸਾਰੀਆਂ ਛੱਤਾਂ ਕੱਚੀਆਂ ਸਨ ਤੇ ਕੋਈ ਪੋੜੀ ਵੀ ਨਹੀ ਸੀ। ਹੋਰ ਤਾਂ ਹੋਰ ਘਰੇ ਲੱਕੜ ਦੀ ਪੋੜੀ ਵੀ ਨਹੀ ਸੀ। ਕੰਧਾਂ ਕੋਲਿਆਂ ਤੋ ਹੀ ਛੱਤ ਤੇ ਚੜ੍ਹਿਆ ਜਾਂਦਾ ਸੀ। ਮੇਰੀ ਮਾਂ ਚੁਲ੍ਹੇ ਉੱਪਰ ਬੱਠਲ ਮੂਧਾ ਮਾਰ ਕੇ ਆਪਣਾ ਮੰਜਾ ਡਾਹੁੰਦੀ ਹੁੰਦੀ ਸੀ। ਮੇਰੇ ਦਾਦਾ ਜੀ ਦੀਆਂ ਚਾਰ ਭੈਣਾਂ ਸਨ ਤੇ ਮੇਰੀਆਂ ਦੋ ਭੂਆ ਸਨ। ਘਰ ਆਏ ਮਹਿਮਾਨਾ ਦੇ ਮੰਜੇ ਅਕਸਰ ਛੱਤ ਤੇ ਹੀ ਡਾਹੇ ਜਾਂਦੇ ਸਨ। ਮੇਰੇ ਦਾਦਾ ਜੀ ਗਰਮੀਆਂ ਵਿੱਚ ਹੱਟੀ ਮੂਹਰੇ ਥੜੇ ਤੇ ਹੀ ਸੋਦੇ ਅਤੇ ਸਰਦੀਆਂ ਵਿੱਚ ਹੱਟੀ 'ਚ ਹੀ ਥੱਲੇ ਹੀ ਸੋ ਜਾਂਦੇ ।ਉਹ ਅਕਸਰ ਹੱਟੀ ਦੇ ਮੂਹਰੇ ਬਣੇ ਥੜ੍ਹੇ ਤੇ ਲੱਕੜ ਦਾ ਪਟੜਾ ਰੱਖ ਕੇ ਨਹਾਉਂਦੇ ।ਤੇ ਕਈ ਵਾਰੀ ਨਹਾਉਣ ਲੱਗਿਆ ਕੋਈ ਗ੍ਰਾਹਕ ਆ ਜਾਂਦਾ ਤਾਂ ਸਾਨੂੰ ਉਹ ਪਾਣੀ ਦੀ ਰਾਖੀ ਲਈ ਬਿਠਾ ਦਿੰਦੇ ਕਿ ਕੋਈ ਕੁੱਤਾ ਪਾਣੀ ਜੂਠਾ ਨਾ ਕਰ ਦੇਵੇ ਤੇ ਆਪ ਉਹ ਸੋਦਾ ਦੇਣ ਹੱਟੀ 'ਚ ਚਲੇ ਜਾਂਦੇ। ਘਰ ਦੀਆਂ ਔਰਤਾਂ ਅਕਸਰ ਮੰਜਾ ਟੇਢਾ ਕਰਕੇ ਹੀ ਨਹਾਉਂਦੀਆਂ। ਇਹ ਇੱਕਲੇ ਸਾਡੇ ਘਰ ਦੀ ਕਹਾਣੀ ਨਹੀ ਸੀ ਹਰ ਘਰ ਵਿੱਚ ਐਦਾ ਹੀ ਹੁੰਦਾ ਸੀ।

ਸਾਡੇ ਨਵੇ ਘਰ ਵਿੱਚ ਦਾਦਾ ਜੀ ਨੇ ਸਾਨੂੰ ਇੱਕ ਪੱਕਾ ਕਮਰਾ ਬਣਵਾ ਕੇ ਦਿੱਤਾ। ਬਾਕੀ ਦੋ ਕਮਰੇ ਕੱਚੇ ਹੀ ਸਨ ਜੋ ਅਸੀ ਬਾਦ ਵਿੱਚ ਪੱਕੇ ਬਣਵਾਏ। ਪੱਕੇ ਵੀ ਕਾਹਦੇ ਸਿਰਫ ਪੱਕੀਆਂ ਇੱਟਾ ਨਾਲ ਬਣੇ ਕਮਰਿਆਂ ਦੀਆਂ ਛੱਤਾਂ ਵੱਡੇ ਸ਼ਤੀਰ ਪਾਕੇ ਬੱਤਿਆਂ ਉਪਰ ਟਾਇਲਾਂ ਦੀ ਛੱਤ। ਡਾਟ ਜਾਂ ਲੈਂਟਰ ਦੀ ਤਕਨੀਕ ਨਹੀ ਸੀ ਆਈ ਉਸ ਸਮੇ ਤੱਕ। ਸਾਡੇ ਨਵੇਂ ਘਰ ਵਿੱਚ ਖੂਹ ਵਾਲੀ ਟੱਟੀ ਤੇ ਪੱਕੇ ਫਰਸ਼ ਵਾਲਾ ਗੁਸਲਖਾਨਾ ਸੀ। ਤੇ ਸਾਡੇ ਘਰੇ ਇੱਕ ਹੋਦ ਵੀ ਸੀ ਜਿਸਦੇ ਟੂਟੀ ਲੱਗੀ ਹੋਈ ਸੀ। ਬਾਦ ਵਿੱਚ ਅਸੀ ਫਰਸ਼ ਵੀ

ਇੱਟਾਂ ਦਾ ਲਗਵਾ ਲਿਆ ਅਤੇ ਪੱਕੇ ਹਾਰੇ ਵੀ ਬਣਵਾ ਲਏ। ਪੱਕੇ ਹਾਰਿਆਂ ਨੂੰ ਦੇਖਣ ਲਈ ਕਈ ਲੋਕ ਸਾਡੇ ਘਰ ਆਉਂਦੇ। ਟੱਟੀ ਅਤੇ ਗੁਸਲਖਾਨੇ ਦੀ ਸਹੂਲੀਅਤ ਹੋਣ ਕਰਕੇ ਹਰ ਆਇਆ ਗਿਆ ਮਹਿਮਾਨ ਸਾਡੇ ਹੀ ਘਰ ਠਹਿਰਦਾ।

ਬਜੁਰਗ ਰਿਸ਼ਤੇਦਾਰਾ ਲਈ ਸਾਡਾ ਇਹ ਘਰ ਕਿਸੇ ਰੈਸਟ ਹਾਊਸ ਤੋ ਘੱਟ ਨਹੀ ਸੀ। ਦੂਸਰਾ ਸਾਡੇ ਘਰ ਸਾਡੇ ਦੂਜੇ ਘਰ ਦੇ ਮੁਕਾਬਲੇ ਖਾਣ ਪੀਣ ਦਾ ਸਿਸਟਮ ਆਧੁਨਿਕ ਸੀ। ਅਸੀ ਕੱਪਾਂ ਵਿੱਚ ਚਾਹ ਪੀਂਦੇ ਸੀ । ਅਸੀ ਕੌਲੀ ਗਿਲਾਸ ਜਾ ਬਾਟੀ ਵਿੱਚ ਚਾਹ ਨਹੀ ਸੀ ਪੀਤੀ ਕਦੇ । ਮੇਰੇ ਯਾਦ ਹੈ ਦੂਰੋਂ ਰਿਸ਼ਤੇਦਾਰੀ 'ਚ ਲੱਗਦੇ ਮੇਰੇ ਇੱਕ ਡਾਕਟਰ ਚਾਚੇ ਦੀ ਬੈਡ ਟੀ ਦੀ ਮੰਗ ਵੀ ਸਾਡੇ ਹੀ ਘਰੇ ਪੂਰੀ ਹੋਈ ਸੀ। ਚਾਹੇ ਮੇਰੇ ਦਾਦਾ ਜੀ ਦੇ ਕਰਕੇ ਬਹੁਤੇ ਰਿਸ਼ਤੇਦਾਰ ਸਾਡੇ ਦੂਸਰੇ ਘਰੇ ਹੀ ਆਉਂਦੇ ਪਰ ਉਹਨਾ ਦਾ ਰੈਣ ਬਸੇਰਾ ਸਾਡਾ ਘਰ ਹੀ ਹੁੰਦਾ । ਹੋਰ ਸਹੂਲਤਾਂ ਤੋਂ ਇਲਾਵਾ ਸਾਡੇ ਘਰੇ ਆਪਣਾ ਪੱਠੇ ਕੁਤਰਣ ਵਾਲਾ ਟੋਕਾ, ਆਪਣਾ ਸਾਈਕਲ ਹੁੰਦਾ ਸੀ। ਰੇਡੀਓ ਵੀ ਸੀ ਸਾਡੇ ਘਰ।

ਜਦੋ ਪਿੰਡ ਵਿੱਚ ਬਿਜਲੀ ਆਈ ਤਾਂ ਪਹਿਲਾ ਮੀਟਰ ਸਾਡੇ ਹੀ ਘਰ ਲੱਗਿਆ ਤੇ ਵਾਟਰ ਵਰਕਸ ਦੇ ਪਾਣੀ ਦੀ ਪਹਿਲੀ ਟੂਟੀ ਵੀ ਸਾਡੇ ਘਰ। ਉਸ ਸਮੇ ਅਨੁਸਾਰ ਸਾਰੀਆਂ ਸਹੂਲਤਾਂ ਸਨ। ਟੇਟੂਏ ਵਾਲੇ ਕਿਕੱਰ ਦੇ ਫੱਟਾਂ ਆਲੇ ਦਰਵਾਜੇ ਦੀ ਥਾਂ ਤੇ ਅਸੀ ਲੋਹੇ ਦੀਆ ਚਾਦਰਾਂ ਵਾਲਾ ਗੇਟ ਲਗਵਾ ਲਿਆ। ਹੁਣ ਸਾਰੇ ਦਰਵਾਜ਼ਿਆਂ ਤੇ ਸੰਗਲੀ ਆਲੇ ਕੁੰਡੇ ਨਹੀ ਲੋਹੇ ਦੀਆਂ ਅਰਲਾਂ ਸਨ।

ਘਰ ਚਾਹੇ ਉਸ ਸਮੇ ਛੋਟੇ ਸਨ ਕੱਚੇ ਸਨ। ਪਰ ਦਿਲ ਵੱਡੇ ਸਨ ਤੇ ਰਿਸ਼ਤਿਆਂ ਦੀ ਕਦਰ ਸੀ। ਨਜਦੀਕੀ ਰਿਸ਼ਤੇਦਾਰਾ ਤੋਂ ਇਲਾਵਾ ਦੂਰ ਦੇ ਰਿਸ਼ਤੇਦਾਰ ਵੀ ਕਈ ਕਈ ਦਿਨ ਰਹਿ ਜਾਂਦੇ ਸਨ। ਚਾਹੇ ਘਰੇ ਅਮੀਰੀ ਨਹੀ ਸੀ ਪਰ ਫਿਰ ਵੀ ਆਏ ਮਹਿਮਾਨ ਦੀ ਪੂਰੀ ਖਾਤਿਰਦਾਰੀ ਕਰੀਦੀ ਸੀ। ਖੀਰ ਸਵਈਆਂ, ਕੜਾਹ ਤੇ ਦੇਸੀ ਘਿਉ ਦੀ ਚੂਰੀ ਆਮ ਹੀ ਬਣਾ ਕੇ ਖਿਵਾਈ ਜਾਂਦੀ ਸੀ। ਜੇ ਸਮਾਂ ਘੱਟ ਹੁੰਦਾ ਤਾਂ ਖੰਡ ਘਿਉ ਪਾਕੇ ਮਹਿਮਾਨ ਦੀ ਸੇਵਾ ਕੀਤੀ ਜਾਂਦੀ ਸੀ। ਆਏ ਗਏ ਰਿਸ਼ਤੇਦਾਰ ਆਪਣੇ ਆਪ ਨੂੰ ਮਹਿਮਾਨ ਅਖਵਾ ਕੇ ਖੁੱਸ਼ ਨਹੀ ਸੀ ਹੁੰਦੇ। ਉਹਨਾਂ ਨੂੰ ਚੋਕੇ ਵਿੱਚ ਬੋਰੀ, ਚਟਾਈ ਜਾ ਪੀੜ੍ਹੀ ਤੇ ਬਿਠਾ ਕੇ ਖਾਣਾ ਖਿਲਾਇਆ ਜਾਂਦਾ। ਕਿਸੇ ਖਾਸ ਨੂੰ ਹੀ ਸਾਹਮਣੇ ਮੰਜੇ ਤੇ ਬਿਠਾ ਕੇ ਰੋਟੀ ਪਰੋਸੀ ਜਾਂਦੀ।

ਪਰ ਹੁਣ ਅਸੀ ਤਰੱਕੀ ਕਰ ਗਏ ਹਾਂ। ਘਰੇ ਚਾਰ ਪੰਜ ਕਮਰਿਆਂ ਤੋ ਇਲਾਵਾ ਤਿੰਨ ਚਾਰ ਬਾਥਰੂਮ, ਟਾਇਲਟ, ਪੌੜੀਆਂ, ਲਾਬੀ , ਡਰਾਇੰਗ ਰੂਮ ਤੇ ਪੂਜਾ ਰੂਮ ਵੀ ਹੈ। ਹਰ ਕਮਰੇ ਵਿੱਚ ਇੱਕ ਹੀ ਡਬਲ ਬੈਡ ਹੈ ਸਿਰਫ ਦੋ ਜਣਿਆ ਦੇ ਸੋਣ ਲਈ। ਘਰ ਵਿੱਚ ਪੱਖਾ, ਕੂਲਰ ਏ ਸੀ ਹੀਟਰ ਗੀਜਰ ਸਭ ਕੁਝ ਹੈ ਪਰ ਕੋਈ ਰਿਸ਼ਤੇਦਾਰ ਕਦੇ ਵੀ ਰਾਤ ਨਹੀ ਰੁੱਕਦਾ। ਰਾਤੀ ਦਸ ਗਿਆਰਾਂ ਵਜੇ ਵੀ ਆਪਣੇ ਘਰ ਭੱਜਣ ਦੀ ਕੋਸ਼ਿਸ਼ ਕਰਦਾ

ਹੈ। ਹਰ ਆਇਆ ਗਿਆ ਰਿਸ਼ਤੇਦਾਰ ਘੱਟ ਤੇ ਮਹਿਮਾਨ ਬਨਣ ਦੀ ਕੋਸ਼ਿਸ਼ ਕਰਦਾ ਹੈ। ਅਸੀ ਵੀ ਬੱਸ ਇੱਕ ਡੰਗ ਰੋਟੀ ਖੁਆ ਕੇ ਅੱਕ ਜਾਂਦੇ ਹਾਂ। ਹਲਾਂਕਿ ਖਾਣ ਪੀਣ ਦਾ ਸਾਰਾ ਸਮਾਨ ਬਣਿਆ ਬਣਾਇਆ ਬਜਾਰ ਤੋ ਲਿਆਈ ਦਾ ਹੈ ਪਰ ਫਿਰ ਵੀ ਜੂਠੇ ਭਾਂਡਿਆ ਤੇ ਕਰਾਕਰੀ ਦੇ ਧੋਣ ਦਾ ਕੰਮ ਏਨਾ ਵੱਧ ਜਾਂਦਾ ਹੈ ਕਿ ਕੰਮ ਆਲੀ ਤੇ ਵੀ ਤਰਸ ਆਉਣ ਲੱਗ ਜਾਂਦਾ ਹੈ। ਤੇ ਆਪਣੀ ਵੀ ਥਕਾਵਟ ਕਈ ਦਿਨ ਨਹੀ ਉੱਤਰਦੀ। ਉਹ ਸਮਾਂ ਵਧੀਆ ਸੀ ਜਦੋ ਘਰ ਛੋਟੇ ਤੇ ਕੱਚੇ ਸਨ ਪਰ ਰਿਸ਼ਤੇ ਪੱਕੇ ਤੇ ਦਿਲ ਸੱਚੇ ਸਨ। ਹੁਣ ਘਰ ਵੱਡੇ ਤੇ ਪੱਕੇ ਹਨ ਪਰ ਰਿਸ਼ਤੇ ਕੱਚੇ ਤੇ ਦਿਲ ਛੋਟੇ ਹਨ।

# ਕੰਧਾਂ ਬੋਲਦੀਆਂ ਵੀ ਹਨ।

ਅਸੀ ਕੰਧਾਂ ਹਾਂ ਕੱਚਿਆਂ ਘਰ ਦੀਆਂ ਜਿਥੋਂ ਵੱਡੇ ਵੱਡੇ ਟੱਬਰ ਰਹਿੰਦੇ ਸਨ ਇੱਕੋ ਸਵਾਤ ਵਿੱਚ। ਭਾਰੇ ਭਾਰੇ ਸ਼ਤੀਰਾਂ ਦਾ ਭਾਰ ਚੁੱਕਣਾ ਪੈਂਦਾ ਸੀ ਸਾਨੂੰ। ਕਦੇ ਮਹਿਸੂਸ ਨਹੀ ਸੀ ਹੋਇਆ ਸਾਨੂੰ। ਪਰ ਅਸੀ ਖੁਸ਼ ਸਾਂ।ਜਦੋਂ ਘਰੇ ਸਾਰੇ ਹੀ ਖੁਸ਼ ਹੁੰਦੇ ਸਨ ਅਸੀ ਵੀ ਖੁਸ਼ ।ਸੁਣਿਆ ਹੈ ਕੰਧਾਂ ਦੇ ਵੀ ਕੰਨ ਹੁੰਦੇ ਹਨ। ਸੁਣਿਆਂ ਕੀ ? ਹੁੰਦੇ ਹੀ ਹਨ ਕੰਧਾਂ ਦੇ ਕੰਨ। ਅਸੀ ਕੰਨੋ ਬੋਲੀਆਂ ਥੋੜਾ ਹੀ ਹਾਂ।ਕੰਨ ਕੀ ਸਾਡੇ ਤਾਂ ਅੱਖਾਂ ਵੀ ਹਨ। ਜੋ ਸਭ ਕੁਝ ਦੇਖਦੀਆਂ ਹਨ।ਪਰ ਜੇ ਅਸੀ ਨਹੀ ਬੋਲਦੀਆਂ ਇਹਦਾ ਮਤਲਬ ਇਹ ਨਹੀ ਕਿ ਸਾਨੂੰ ਦਿੱਸਦਾ ਨਹੀ।ਜਾ ਅਸੀ ਬੋਲ ਨਹੀ ਸਕਦੀਆਂ। ਪਰ ਅਸੀ ਚੁੱਪ ਰਹਿੰਦੀਆਂ ਹਾਂ। ਕਿਉਂ ਕਿਸੇ ਦੇ ਪਰਦੇ ਚੱਕਣੇ ਹੈ। ਸਾਡਾ ਤੇ ਕੰਮ ਹੀ ਪਰਦਾ ਕੱਜਨਾ ਹੰਦਾ ਹੈ। ਫਿਰ ਅਸੀ ਆਪਣੇ ਮਾਲਕਾਂ ਦੇ ਪਰਦੇ ਚੁਕੀਏ ਕਿਉਂ। ਜੇ ਅਸੀ ਪਰਦੇ ਚੁਕਣ ਲੱਗ ਜਾਈਏ ਤਾਂ ਸਾਡਾ ਤੇ ਮਕਸਦ ਹੀ ਖਤਮ ਹੋ ਜੂਗਾ ਤੇ ਫਿਰ ਸਾਡੀ ਜਰੂਰਤ ਹੀ ਨਹੀ ਰਹਿਣੀ।ਕੋਈ ਕੰਧ ਨਹੀ ਬਣਾਵੇਗਾ ਤੇ ਸਾਡੀ ਹੋਂਦ ਹੀ ਖਤਮ ਹੋ ਜਾਵੇਗੀ।

ਅਸੀ ਕੱਚੀਆਂ ਸਾਂ। ਮੋਟੀਆਂ ਸਾਂ। ਹਰ ਸਾਲ ਸਾਡੀ ਸਾਂਭ ਸੰਭਾਲ ਹੁੰਦੀ। ਮੀਂਹ ਕਣੀ ਦੀ ਰੁੱਤ ਤੋਂ ਪਹਿਲਾ ਸਾਨੂੰ ਲਿੱਪਿਆ ਪੋਚਿਆ ਜਾਂਦਾ। ਸਾਡੀ ਮਾਲਕਣ ਸਾਡੀ ਸੇਵਾ ਸੰਭਾਲ ਕਰਦੀ। ਔਖੀ ਹੋ ਕੇ ਛੱਪੜ ਚੋ ਗਾਰਾ ਲਿਆਉਂਦੀ ਤੇ ਫਿਰ ਸਾਨੂੰ ਲਿੱਪਦੀ।ਸਾਰਾ ਟੱਬਰ ਨਾਲ ਲੱਗਦਾ। ਸਾਡੇ ਨਾਲ ਛੱਤਾਂ ਵੀ ਲਿੱਪੀਆਂ ਜਾਂਦੀਆਂ।ਕਿਉਂਕਿ ਅਸੀ ਛੱਤਾਂ ਨੂੰ ਸਹਾਰਾ ਦਿੰਦੀਆਂ ਸੀ। ਬਿਲਕੁਲ ਆਪਣੇ ਮਾਲਕਣ ਦੀ ਤ੍ਰਾਂ। ਅਸੀ ਵੇਖਿਆ ਉਹ ਸਾਡੀ ਹੀ ਸੰਭਾਲ ਨਹੀ ਸੀ ਕਰਦੀ।ਆਪਣੇ ਬੁੱਢੇ ਸੱਸ ਸਹੁਰੇ ਨੂੰ ਵੀ ਸੰਭਾਲਦੀ। ਸੇਵਾ ਕਰਦੀ।ਸੱਸ ਦਾ ਗੂੰਹ ਮੂਤਰ ਕਈ ਸਾਲ ਚੱਕਿਆ ਉਸ ਨੇ। ਪਿੰਜਰ ਬਣੀ ਸੱਸ ਨੂੰ ਨਹਾਉਣਾ ਤੇ ਫਿਰ ਵਲਚਾ ਵਲਚਾ ਕੇ ਖਵਾਉਣਾ ਬੱਚਿਆਂ ਵਾਂਗੂ ਤੇ ਕਦੇ ਨਾ ਖਿੱਝਣਾ। ਇਹ ਜਨਾਨੀ ਹੈ ਕਿ ਦੇਵੀ? ਅਸੀ ਸੋਚਦੀਆਂ। ਫਿਰ ਵੀ ਸੱਸ ਅਵਾ ਤਵਾ ਬੋਲਦੀ।ਨਨਾਣਾਂ ਮਾਂ ਦਾ ਪਤਾ ਲੈਣ ਆਉਦੀਆਂ ਲੈਕਚਰ ਝਾੜਦੀਆਂ ਤੇ ਤੁਰ ਜਾਂਦੀਆਂ। ਦੇਵਰਾਣੀਆਂ ਜੇਠਾਣੀਆਂ ਨੇ ਕਦੇ ਸੁਧ ਨਹੀ ਸੀ ਲਈ ਬੀਮਾਰ ਸੱਸ

ਸਹੁਰੇ ਦੀ। ਪੋਤਰੇ ਪੋਤਰੀਆਂ ਭੱਜ ਭੱਜ ਕੇ ਦਾਦਾ ਦਾਦੀ ਨੂੰ ਰੋਟੀ ਖਵਾਉਂਦੇ। ਤੇ ਦਾਦਾ ਏਨਾ ਭਗਤ ਰੋਟੀ ਮੂਹਰੇ ਹੱਥ ਜੋੜ ਕੇ ਮਾਲਿਕ ਦਾ ਸ਼ੁਕਰਾਨਾ ਕਰਦਾ।ਜਿਸ ਨੇ ਰਹਿਣ ਨੂੰ ਕੁੱਲੀ ਤੇ ਖਾਣ ਨੂੰ ਗੁੱਲੀ ਦਿੱਤੀ।ਤੇ ਅੱਧੀ ਰੋਟੀ ਤੋੜ ਕੇ ਜਨੋਰਾ ਨੂੰ ਪਾ ਦਿੰਦਾ।ਮਾਲਕ ਦਾ ਸੁਕਰਾਨਾ ਕਰਣ ਦੀ ਮੱਤ ਦਿੰਦਾ।

ਪੰਜ ਪੰਜ ਨਨਾਣਾ ਸੀ। ਤੇ ਕੋਈ ਨਾ ਕੋਈ ਆਇਆ ਹੀ ਰਹਿੰਦਾ। ਆਏ ਗਏ ਦੀ ਖੇਚਲ , ਘਰੇ ਤੰਗੀ ਤੁਰਸ਼ੀ ਪਰ ਕੋਈ ਮੱਥੇ ਤੇ ਤਿਉੜੀ ਨਾ ਪਾਉਂਦਾ।ਦੋ ਤਿੰਨ ਨਨਾਣਾ ਦੇ ਤਾਂ ਵਿਆਹ ਉਸ ਨੇ ਹੱਥੀ ਕੀਤੇ।ਵਿਆਹ ਹੀ ਨਹੀ ਕੀਤੇ ਬਲਕਿ ਆਪਣੀ ਮੁਕਲਾਵੇ ਵਾਲੀ ਪੇਟੀ ਵੀ ਖੋਲ ਦਿੱਤੀ ਤਾਂ ਕਿ ਘਰ ਚਲਦਾ ਰਹੇ। ਭਲਾਂ ਦੀ ਕਿੰਨੀ ਕੁ ਤਨਖਾਹ ਹੁੰਦੀ ਸੀ ਉਦੋ ਜੇ ਬੀ ਟੀ ਮਾਸਟਰ ਦੀ। ਕਿਰਸ ਨਾਲ ਘਰ ਚਲਾਉਣਾ ਪੈਂਦਾ। ਪਰ ਕਦੇ ਮੱਥੇ ਵੱਟ ਨਾ ਪਾਇਆ। ਸਾਰਾ ਈਲਾ ਕਬੀਲਾ ਸ਼ਰੀਕਾ ਨਾਲ ਨਾਲ ਹੀ ਸਨ ਰਹਿੰਦੇ। ਮਾਸਟਰ ਜੀ ਨੂੰ ਬਾਈ ਜੀ ਆਖਦੇ ਸਨ ਸਾਰੇ। ਤੇ ਮਾਸਟਰਨੀ ਨੂੰ ਭਾਬੀ। ਪਰ ਬਹੁਤ ਕਦਰ ਕਰਦੇ ਸਾਰੇ ।ਇਕੱਠੇ ਮਿਲਕੇ ਬਹਿੰਦੇ। ਸਾਰੇ ਜੋਰ ਜੋਰ ਦੀ ਹੱਸਦੇ, ਕਮਲਿਆਂ ਦੀਤਰਾਂ।ਖੁਸ਼ੀਆਂ ਡੁੱਲ ਡੁੱਲ ਪੈਂਦੀਆਂ।ਬਸ ਬਜੁਰਗਾਂ ਦੀ ਸੇਵਾ ਜਿਵੇ ਰੱਬ ਦੀ ਹੀ ਸੇਵਾ ਸੀ।ਮਾਸਟਰ ਜੀ ਸਾਇਕਲ ਤੇ ਜਾਂਦੇ ਨੋਕਰੀ ਤੇ। ਬਿਨਾ ਚੈਨ ਕਵਰ ਆਲਾ ਸਾਇਕਲ ਤੇ ਮਾਸਟਰ ਜੀ ਪਜਾਮਾਂ ਵੀ ਮੂਹਰੇ ਟੰਗ ਲੈਂਦੇ । ਮਤੇ ਗਰੀਸ ਨਾਲ ਇਹ ਖਰਾਬ ਨਾ ਹੋ ਜਾਏ।ਤੇ ਇਹ ਕਈ ਦਿਨ ਪਾਉਣਾ ਹੁੰਦਾ ਸੀ। ਬਹੁਤ ਹੀ ਗਰੀਬੀ ਭਰੇ ਦਿਨ ਸਨ ਉਹ। ਪਰ ਫਿਰ ਵੀ ਕੋਈ ਸ਼ਿਕਨ ਨਹੀ ਸੀ ਹੰਦੀ ਮੱਥੇ ਤੇ। ਬਸ ਦਿਲ ਖੁੱਲ੍ਹਾ ਸੀ।

ਭੈਣਾਂ ਦੀ ਕਬੀਲਦਾਰੀ ਸਮੇਟਣ ਤੋ ਬਾਅਦ ਆਪਣੇ ਜੁਆਕਾ ਦਾ ਭਵਿੱਖ ਬਣਾਉਣ ਦੀ ਚਿੰਤਾ ਸਿਰ ਚੁਕਣ ਲੱਗੀ। ਸੋਝੀ ਤੇ ਸਿਆਣਪ ਨਾਲ ਗੱਡੀ ਲੀਹ ਤੇ ਆਉਣ ਲੱਗੀ। ਪੜ੍ਹਾਈ ਨੂੰ ਹੀ ਪੂੰਜੀ ਸਮਝਦੇ ਹੋਏ ਕਿਸੇ ਨੂੰ ਮਾਸਟਰ ਕਿਸੇ ਨੂੰ ਪਟਵਾਰੀ ਤੇ ਕਿਸੇ ਨੂੰ ਕਿਸੇ ਹੋਰ ਮਹਿਕਮੇ ਵਿੱਚ ਆਹਰੇ ਲਾ ਕੇ ਦੋਨੇ ਜੀਅ ਕੁਝ ਕੁਝ ਸੁਰਖਰੂ ਹੋਣ ਲੱਗੇ। ਧੀ ਦੇ ਕਾਰਜ ਸੰਪੂਰਨ ਕਰਨ ਤੋ ਪਹਿਲਾ ਸਾਡੀ ਵੀ ਸੁਣੀ ਗਈ। ਹੁਣ ਅਸੀ ਕੱਚੀਆਂ ਤੋ ਪੱਕੀਆਂ ਚ ਤਬਦੀਲ ਹੋ ਗਈਆਂ ਸੀ। ਮਾੜਾ ਮੋਟਾ ਟੀਪ ਟੱਲਾ ਕਰਕੇ ਸਾਡਾ ਰੂਪ ਸੰਵਾਰਿਆ ਗਿਆ।ਅਸੀ ਉਸੇ ਘਰ ਦੀਆਂ ਕੰਧਾਂ ਸੀ ਪਰ ਘਰ ਦੇ ਜੀਆਂ ਦੀ ਤਰ੍ਹਾਂ ਸਾਡੀ

ਸੋਚ ਵੀ ਬਦਲਣ ਲੱਗੀ। ਹੁਣ ਅਸੀ ਉਹ ਮੋਟੀਆਂ ਕੰਧਾਂ ਨਹੀ ਸੀ ਰਹੀਆਂ ਖੜੇਪੜਾ ਵਾਲੀਆ। ਹੁਣ ਅਸੀ ਵੀ ਬਾਕੀਆਂ ਦੀ ਤਰ੍ਹਾਂ ਜਲਦੀ ਤਪਣ ਲੱਗੀਆਂ ।ਸਾਡੀ ਸੋਚ ਜਲਦੀ ਗਰਮ ਤੇ ਜਲਦੀ ਠੰਡੀ ਹੋਣ ਲੱਗੀ। ਤੇ ਸਾਡੇ ਤੇ ਪਿਆ ਗਾਡਰਾਂ ਦਾ ਭਾਰ ਵੀ ਸਾਨੂੰ ਬੋਝ ਲੱਗਦਾ ਸੀ।ਸਾਈਕਲ ਦੇ ਨਾਲ ਨਾਲ ਹੁਣ ਪੁਰਾਣੇ ਸਕੂਟਰ ਦੀ ਘੂਕ ਵੀ ਘਰ ਵਿੱਚ ਗੂੰਜਣ ਲੱਗੀ। ਘਰ ਵਿੱਚ ਚਾਰ ਪੈਸੇ ਆਉਣ ਦਾ ਹੀਲਾ ਬਨਣ ਲੱਗਿਆ।ਪਰ ਆ ਕੀ ਹੁਣ ਤਾਂ ਗੋਝੀਆਂ ਵੀ ਅੱਡ ਅੱਡ ਬਨਣ ਲੱਗੀਆਂ।

ਇਹ ਪੱਕੀਆਂ ਟੀਪ ਵਾਲੀਆਂ ਕੰਧਾਂ ਹੁਣ ਸ਼ਹਿਰ ਵੱਲ ਨੂੰ ਝਾਕਣ ਲੱਗੀਆਂ ਤੇ ਆਖਿਰ ਮੰਡੀ ਆ ਕੇ ਹੀ ਦਮ ਲਿਆ। ਕਿਰਾਏ ਦੀਆਂ ਕੰਧਾਂ ਨੇ ਕਦੋ ਕੋਠੀ ਦਾ ਰੂਪ ਲੈ ਲਿਆ ਪਤਾ ਹੀ ਨਹੀ ਲੱਗਿਆ।ਕੋਠੀ ਦੀਆਂ ਕੰਧਾਂ ਦੇ ਨਾਲ ਨਾਲ ਦਿਲਾਂ ਦੀਆਂ ਕੰਧਾਂ ਵੀ ਖੜ੍ਹੀਆਂ ਹੋਣ ਲੱਗੀਆਂ। ਖੁਸ਼ੀਆਂ ਅਜੇ ਖੰਭ ਖਿਲਾਰ ਹੀ ਰਹੀਆਂ ਸਨ ਕਿ ਆਜਾਦੀ ਦੀ ਆਪੋ ਧਾਪੀ ਵਿੱਚ ਸਭ ਨੇ ਮਹਾਂ ਨਗਰ, ਤੇ ਕੋਠੀਆਂ ਤੇ ਕਾਰਾਂ ਦੇ ਸੁਫਨੇ ਵੇਖਣੇ ਸ਼ੁਰੂ ਕਰ ਦਿੱਤੇ। ਭਰੇ ਭਰੁੰਨੇ ਘਰ ਚੋ ਘਰ ਦੀਆਂ ਰੋਣਕਾਂ ਮਹਾਂ ਨਗਰ ਨੂੰ ਚਾਲੇ ਪਾ ਗਈਆ। ਘਰ ਦੇ ਚਾਰੇ ਚਿਰਾਗ ਆਪੋ ਆਪਣੇ ਘਰ ਰੁਸ਼ਨਾਉਣ ਲੱਗੇ।ਮਾਲਕ ਤੇ ਮਾਲਕਣ ਦਾ ਬੁੱਢਾ ਹੁੰਦਾ ਸਰੀਰ ਤੇ ਸੇਵਾ ਮੁਕਤੀ ਦੀ ਬਿਮਾਰੀ ਸਭ ਲਈ ਭਾਰ ਬਣਦੇ ਗਏ।ਤੇ ਬੁੱਢੀਆਂ ਤੇ ਡੂੰਘੀਆਂ ਅੱਖਾਂ ਹੁਣ ਅਲੱਗ ਅਲੱਗ ਥਾਂ ਤੇ ਬਲਦੇ ਚਿਰਾਗਾਂ ਨੂੰ ਦੇਖਦੀਆਂ ਪਰ ਚੁੱਪ ਰਹਿੰਦੀਆਂ ਤੇ ਸਾਨੂੰ ਸਾਡੇ ਪੱਕੇ ਹੋਣ ਤੇ ਸ਼ਰਮ ਆਉਂਦੀ।

ਹੁਣ ਅਸੀ ਕੰਧਾ ਤੋਂ ਦੀਵਾਰਾਂ ਬਣ ਗਈਆਂ। ਸਰੀਕੇ ਕਬੀਲੇ ਨੂੰ ਇਕੱਠਾ ਵੇਖਣ ਵਾਲੀਆਂ ਇਹ ਕੰਧਾਂ ਹੁਣ ਰਿਸ਼ਤਿਆਂ ਨੂੰ ਵਰੋਲੇ ਵਾਂਗੂ ਉੱਡਦਿਆਂ ਦੇਖਦੀਆ। ਸਕਿਆ ਨੂੰ ਵੀ ਚਾਹ ਦੀ ਘੁੱਟ ਤੋ ਸੱਖਣੇ ਜਾਂਦੇ ਦੇਖਦਾ ਕਪਾਲ ਭਾਤੀਆਂ ਕਰਦਾ ਉਹ ਪਰਿੰਦਾ ਵੀ ਉੱਡ ਗਿਆ।ਉੱਚੀ ਉੱਚੀ ਹੱਸਣ ਵਾਲਾ ਉਹ ਸ਼ਖਸ ਪਤਾ ਨਹੀ ਕੀ ਕੀ ਗਮ ਲੈ ਗਿਆ ਆਪਣੇ ਨਾਲ। ਬਸ ਫਿਰ ਕੀ ਸੀ। ਹੁਣ ਚਾਰੇ ਹੀ ਮਰਜੀ ਦੇ ਮਾਲਿਕ ਸਨ। ਹੁਣ ਘਰ ਦੀਆਂ ਜੰਮੀਆ ਧੀਆਂ ਭੂਆ ਭੈਣਾਂ ਭਾਰ ਲੱਗਣ ਲੱਗ ਪਈਆਂ।ਸ਼ਰੀਕੇ ਕਬੀਲੇ ਚ ਨੱਕ ਉੱਚਾ ਕਰਨ ਦੀ ਹੋੜ ਨੇ ਆਪਣਿਆਂ ਤੋਂ ਦੂਰ ਕਰ ਦਿੱਤਾ । ਸਾਡੀ ਵੀ ਕੋਈ ਇੱਜਤ ਹੈ ਦਾ ਫਲਸਫਾ ਦੂਸਰਿਆਂ ਦੀ ਜਿੰਦਗੀ ਤੇ ਭਾਰੂ ਹੋ ਗਿਆ।ਸਕੂਟਰਾਂ ਦੀ

ਟੀਂ ਟੀਂ ਹੁਣ ਕਾਰਾਂ ਦੀ ਪੌਂ ਪੌਂ ਚ ਬਦਲ ਗਈ। ਊੱਚੇ ਲੋਗ ਊੱਚੀ ਪਸੰਦ ਨੇ ਹੋਲੀ ਹੋਲੀ ਖੂਨ ਨੂੰ ਸਫੈਦ ਕਰਨਾ ਸੂਰੂ ਕਰ ਦਿੱਤਾ।

ਕਿਉਂਕਿ ਹੁਣ ਇਹ ਕੰਧਾਂ ਮਿੱਟੀ ਦੀਆਂ ਨਹੀ। ਗਾਰੇ ਦੀਆਂ ਨਹੀ। ਇਹ ਪਲਸਤਰ ਕੀਤੀਆਂ ਮਹਾਂਨਗਰ ਦੀਆਂ ਕੋਠੀਆਂ ਦੀਆਂ ਕੰਧਾ ਸਨ। ਇਹਨਾ ਕੰਧਾਂ ਨੇ ਸੱਸ ਦੀ ਅਣਥੱਕ ਸੇਵਾ ਕਰਨ ਵਾਲੀ ਨੂੰ ਨੂੰਹਾਂ ਦੇ ਦਰਸ਼ਨਾਂ ਨੂੰ ਤਰਸਦੀ ਦੇਖਿਆ। ਧੀਆਂ ਨੂੰ ਬੂਹੇ ਤੇ ਰੋਂਦੇ ਦੇਖਿਆ।ਭੈਣਾਂ ਨਾਲ ਬਦਸਲੂਕੀ ਹੁੰਦੀ ਦੇਖੀ।ਸਕੇ ਸਬੰਧੀ ਬੋਝ ਬਣ ਗਏ। ਇਹਨਾਂ ਕੰਧਾਂ ਨੇ ਨਹੀ ਸੱਚ ਦੀਵਾਰਾਂ ਨੇ ਮਾਲਕਿਣ ਨੂੰ ਬੇਵੱਸ ਦੇਖਿਆ। ਧੀ ਦੇ ਹੰਝੂਆਂ ਨੂੰ ਅਜ਼ਾਂਈ ਜਾਂਦੇ ਦੇਖਿਆ। ਕੱਚੇ ਤੋ ਪੱਕੇ ਤੇ ਕੰਧਾਂ ਤੋਂ ਦੀਵਾਰਾਂ ਦੇ ਸਫਰ ਨੇ ਰਿਸ਼ਤਿਆਂ ਨੂੰ ਕੱਚ ਵਾਂਗੂ ਟੁੱਟਦੇ ਦਿਲਾ ਵਿੱਚ ਖੜੀਆਂ ਦੀਵਾਰਾਂ ਨੂੰ ਬਹੁਤ ਨੇੜੇ ਤੋਂ ਵੇਖਿਆ ਹੈ।ਇਹਨਾ ਕੁਸ਼ ਵੇਖ ਕੇ ਵੀ ਜੇ ਅਸੀ ਨਾ ਬੋਲੀਏ ਤਾਂ ਕੰਧਾਂ ਦੇ ਕੰਨ ਕਿਸ ਕੰਮ ਦੇ। ਤੇ ਹੁਣ ਤੇ ਲੋਕੀ ਕਹਿਣਗੇ ਹੀ ਕਿ ਕੰਧਾਂ ਵੀ ਬੋਲਦੀਆਂ ਹਨ।

# ਹੰਝੂਆਂ ਦਾ ਹੜ੍ਹ

"ਭਾਬੀ ਜੀ ਦੱਸੋ ਤਾਂ ਸਹੀ।ਕੀ ਮੈਂਥੋ ਕੋਈ ਗਲਤੀ ਹੋਗੀ?" ਮੈਂ ਭਾਬੀ ਜੀ ਨੂੰ ਬਾਰ ਬਾਰ ਪੁੱਛਦੀ ਹਾਂ ਪਰ ਭਾਬੀ ਜੀ ਹਰ ਵਾਜ ਹੱਸ ਕੇ ਟਾਲ ਦਿੰਦੇ ਹਨ। ਪਰ ਛੋਟੀ ਭਾਬੀ ਵੱਲ ਦੇਖ ਕੇ ਹੋਰ ਹੀ ਤਰ੍ਹਾਂ ਦੀ ਹਾਸੀ ਹੱਸਦੇ ਹਨ। ਅਸੀ ਪਿਛਲੇ ਕਈ ਸਾਲਾਂ ਤੋਂ ਭਾਬੀ ਜੀ ਕੇ ਉਪਰਲੀ ਮੰਜਿਲ ਤੇ ਰਹਿੰਦੇ ਹਾਂ। ਹੇਠਲੇ ਹਿੱਸੇ ਚ ਵੱਡੇ ਭਾਬੀ ਜੀ ਦਾ ਪਰਵਾਰ, ਛੋਟੇ ਭਾਬੀ ਜੀ ਤੇ ਮਾਤਾ ਤੇ ਬਾਊ ਜੀ ਹੁੰਦੇ ਹਨ। ਬੱਚੇ ਚਾਰੇ ਹੀ ਬਾਹਰ ਹੋਸਟਲਾਂ ਚ ਪੜ੍ਹਦੇ ਹਨ। ਇਸੇ ਲਈ ਤਾਂ ਅਸੀ ਇੱਕ ਪਰਵਾਰ ਦੀ ਤਰਾਂ ਹੀ ਰਹਿੰਦੇ ਹਾਂ। ਇਹਨਾਂ ਦੇ ਰੱਬ ਦਾ ਦਿੱਤਾ ਸਭ ਕੁਝ ਹੈ। ਬਾਊ ਜੀ ਇੱਕ ਸੇਵਾਮੁਕਤ ਅਫਸਰ ਹਨ। ਵੱਡੇ ਭਾਈ ਸਾਬ ਬੈਂਕ ਵਿੱਚ ਲੱਗੇ ਹਨ ਤੇ ਛੋਟੇ ਭਾਈ ਸਾਬ ਦਾ ਚੰਗਾ ਕਾਰੋਬਾਰ ਹੈ। ਵੱਡੇ ਭਾਬੀ ਜੀ ਚਾਹੇ ਐਮ ਏ ਬੀ ਐਡ ਹਨ ਪਰ ਇਹਨਾਂ ਨੇ ਉਸਨੂੰ ਨੋਕਰੀ ਨਹੀ ਕਰਵਾਈ। ਪਰ ਛੋਟੇ ਭਾਬੀ ਜੀ ਵਿਆਹ ਤੋਂ ਪਹਿਲਾਂ ਦੇ ਹੀ ਬੀਮਾਂ ਕੰਪਨੀ ਚ ਲੱਗੇ ਹੋਏ ਸਨ। ਸੋ ਹਰ ਕੋਈ ਆਪਣੀ 2 ਜਗ੍ਹਾ ਤੇ ਖੁਸ ਹੈ।

ਸਾਡੇ ਬੱਚੇ ਜਿਆਦਾਤਰ ਥੱਲੇ ਹੀ ਰਹਿੰਦੇ। ਕਦੇ ਭਾਈ ਸਾਬ ਖਿਡਾਉਂਦੇ ਤੇ ਕਦੇ ਵੱਡੇ ਬਾਊ ਜੀ। ਮਾਤਾ ਜੀ ਤਾਂ ਅਕਸਰ ਬੱਚਿਆਂ ਨੂੰ ਆਪਣੇ ਕੋਲੇ ਬੁਲਾ ਲੈਂਦੇ। ਘੰਟਿਆ ਬੱਧੀ ਇਹਨਾ ਨਾਲ ਹੀ ਹੱਸਦੇ ਰਹਿੰਦੇ ਹਨ। ਮਾਤਾ ਜੀ ਕੁਸ ਵੀ ਖਾਣ ਨਿੱਕੜੀ ਨੂੰ ਨਾਲ ਹੀ ਖਵਾਉਂਦੇ ਹਨ। ਇਹ ਵੀ ਐਡੀ ਢੀਠ ਹੈ ਅਖੇ ਮੈਂ ਮਾਤਾ ਨਾਲ ਹੀ ਖਾਊਂ। ਮੈਂ ਕਈ ਵਾਰੀ ਗੁੱਸੇ ਹੋ ਜਾਂਦੀ ਹਾਂ ਪਰ ਕੀ ਕਰਾਂ ਵੱਡੇ ਭਾਬੀ ਜੀ ਮੈਨੂੰ ਝਿੜਕ ਦਿੰਦੇ ਹਨ। ਤੇ ਇਸ ਨੂੰ ਵੀ ਚਮਚ ਪਕੜਾ ਦਿੰਦੇ ਹਨ। ਜੇ ਕਦੇ ਆਦੀ ਥੱਲੇ ਨਾ ਜਾਵੇ ਤਾਂ ਕੋਈ ਨਾ ਕੋਈ ਆਵਾਜ ਮਾਰ ਦਿੰਦਾ ਹੈ। ਬੱਚੇ ਜੇ ਕਿਸੇ ਗੱਲ ਨੂੰ ਲੈ ਕੇ ਜਿੱਦ ਕਰਨ ਤਾਂ ਭਾਈ ਸਾਬ ਬੱਚਿਆਂ ਦਾ ਹੀ ਪੱਖ ਪੂਰਦੇ ਹਨ। ਤੇ ਬੱਚਿਆਂ ਦੀ ਜਿੱਦ ਝੱਟ ਪੂਰੀ ਕਰ ਦਿੰਦੇ ਹਨ। ਭਾਬੀ ਜੀ ਜੋ ਵੀ ਥੱਲੇ ਖਾਣ ਨੂੰ ਬਣਿਆ ਹੋਵੇ ਉਪਰ ਆਕੇ ਆਪ ਦੇ ਜਾਂਦੇ ਹਨ ਅਖੇ ਇਸ ਬਹਾਨੇ ਮੇਰੇ ਗੋਡੇ ਚਲਦੇ ਰਹਿਣ ਗੇ।

ਪਹਿਲੇ ਦਿਨ ਤੋਂ ਹੀ ਇਹ ਸਾਡੇ ਨਾਲ ਘੁੱਲ ਮਿਲ ਗਏ। ਮੇਰੇ ਪਤੀ ਦੇਵ ਨੂੰ ਵੀ ਇਹਨਾਂ ਦਾ ਬਹੁਤ ਸਹਾਰਾ ਸੀ। ਇਹ ਵੀ ਆਪਣੀ ,ਆਪਣੇ ਘਰ ਦੀ, ਕਾਰੋਬਾਰ ਦੀ, ਹਰ ਗੱਲ ਭਾਈ ਸਾਬ ਨਾਲ ਕਰ ਲੈਂਦੇ ਸੀ । ਭਾਈ ਸਾਬ ਵੀ ਹਮੇਸਾ ਇਹਨਾਂ ਨੂੰ ਆਪਣਾ ਛੋਟਾ ਭਰਾ ਹੀ ਸਮਝਦੇ। ਸਾਡੀ ਕਦੇ ਵੀ ਮਕਾਨ ਮਾਲਿਕ ਤੇ ਕਿਰਾਏਦਾਰਾ ਵਾਲੀ ਗੱਲ ਨਹੀ ਸੀ। ਸਾਡੇ ਦੋਹਾਂ ਘਰਾਂ ਦੇ ਰਿਸਤੇਦਾਰ ਵੀ ਇੱਕ ਦੂਜੇ ਨੂੰ ਜਾਨਦੇ ਸਨ। ਕਈ ਵਾਰੀ ਜਦੋਂ ਅਸੀ ਘਰ ਨਾ ਹੁੰਦੇ ਕਿਤੇ ਬਾਹਰ ਗਏ ਹੁੰਦੇ ਤੇ ਪਿੱਛੋ ਕੋਈ ਆਇਆ ਗਿਆ ਆ ਜ਼ਾਂਦਾ ਤਾਂ ਭਾਬੀ ਜੀ ਆਪੇ ਹੀ ਚਾਹ ਪਾਣੀ ਪਿਲਾ ਦਿੰਦੇ। ਜੇ ਮੈਂ ਕਦੇ ਪੇਕੇ ਵੀ ਚਾਰ ਦਿਨ ਚਲੀ ਜਾਂਦੀ ਤਾਂ ਮੈਨੂੰ ਇਹਨਾਂ ਦੇ ਰੋਟੀ ਟੁੱਕ ਦਾ ਭੋਰਾ ਫਿਕਰ ਨਹੀ ਸੀ ਹੁੰਦਾ।

ਸ਼ੁਰੂ ਤੋਂ ਹੀ ਮੈਂ ਕਿਰਾਇਆ ਵੱਡੇ ਭਾਬੀ ਜੀ ਨੂੰ ਫੜਾ ਦਿੰਦੀ ਸੀ ਤੇ ਭਾਬੀ ਜੀ ਅੱਗੇ ਮਾਤਾ ਜੀ ਨੂੰ। ਇਸ ਗੱਲ ਦਾ ਮੈਨੂੰ ਪਤਾ ਸੀ ਕਿ ਕਿਰਾਇਆ ਮਾਤਾ ਜੀ ਕੋਲੇ ਹੀ ਪਹੁੰਚਦਾ ਹੈ। ਤੇ ਮਾਤਾ ਜੀ ਹੀ ਆਪਣੀ ਮਰਜੀ ਨਾਲ ਵਰਤਦੇ ਸਨ। ਧੀਆਂ ਨੂੰ ਦੇਣਾ ਲੈਣਾ ਕੋਈ ਤਿੱਥ ਤਿਉਹਾਰ ਪੁੰਨ ਦਾਨ ਸਭ ਮਾਤਾ ਜੀ ਆਪਣੇ ਪੈਸਿਆਂ ਤੋਂ ਹੀ ਕਰਦੇ ਸਨ। ਇਹ ਉਹਨਾਂ ਦੇ ਘਰ ਦਾ ਮਸਲਾ ਸੀ ।ਇਸ ਤਰ੍ਹਾਂ ਮਾਤਾ ਜੀ ਨੂੰ ਕਿਸੇ ਕੋਲੋ ਪੈਸੇ ਨਹੀ ਸਨ ਮੰਗਣੇ ਪੈਂਦੇ।ਅਸੀ ਸੁਰੂ ਤੋਂ ਹੀ ਬਸ ਚਾਰ ਹਜਾਰ ਹੀ ਦਿੰਦੇ ਸੀ। ਕਿਰਾਇਆ ਵਧਾਉਣ ਲਈ ਇੱਕ ਦੋ ਵਾਰ ਮੇਰੇ ਪਤੀ ਦੇਵ ਨੇ ਆਖਿਆ ਵੀ ਪਰ ਭਾਬੀ ਜੀ ਨੇ ਮਨ੍ਹਾਂ ਕਰ ਦਿੱਤਾ। ਪਰ ਮੈਂ ਪਿੱਛਲੇ ਕੁਝ ਦਿਨਾਂ ਤੋਂ ਨੋਟ ਕਰ ਰਹੀ ਸੀ ਕਿ ਭਾਬੀ ਜੀ ਚੁੱਪ ਜਿਹੇ ਹਨ ਪਤਾ ਨਹੀ ਕਿਉਂ।

ਹੋਇਆ ਇਸ ਤਰ੍ਹਾਂ ਕਿ ਪਹਿਲਾਂ ਮੈਂ ਪੇਕੇ ਚਲੀ ਗਈ ਤੇ ਤਿੰਨ ਚਾਰ ਤਰੀਕ ਨੂੰ ਵਾਪਿਸ ਆਈ ਤੇ ਫਿਰ ਭਾਬੀ ਜੀ ਬਿਆਸ ਚਲੇ ਗਏ। ਉਹਨਾਂ ਨੇ ਪੰਦਰਾਂ ਤਰੀਕ ਤੋਂ ਬਾਅਦ ਹੀ ਆਉਣਾ ਸੀ। ਇਹ ਮੈਨੂੰ ਰੋਜ ਪੁੱਛਦੇ ਕਿ ਕਿਰਾਇਆ ਦਿੱਤਾ ਕਿ ਨਹੀ ? ਕਿਉਂਕਿ ਸਾਡਾ ਅਸੂਲ ਹੀ ਸੀ ਕਿ ਕਿਰਾਇਆ ਹਰ ਮਹੀਨੇ ਐਡਵਾਂਸ ਹੀ ਦੇ ਦਿੱਤਾ ਜਾਵੇ ਉਹ ਵੀ ਬਸ ਦੋ ਜਾਂ ਤਿੰਨ ਤਰੀਕ ਨੂੰ। ਇਸ ਬਾਰ ਗਿਆਰਾਂ ਤਰੀਕ ਹੋ ਗਈ ਤੇ ਸਾਨੂੰ ਤਾਂ ਸ਼ਰਮ ਜਿਹੀ ਆਉਣ ਲੱਗ ਪਈ। ਚਾਹੇ ਪੈਸੇ ਤਾਂ ਪਹਿਲੀ ਤਰੀਕ ਦੇ ਹੀ ਮੇਰੇ ਕੋਲ ਪਏ ਸਨ।

ਬਸ ਭਾਬੀ ਜੀ ਨਾਲ ਮੇਲ ਹੀ ਨਹੀ ਹੋਇਆ। ਬਾਰਾਂ ਤਰੀਕ ਨੂੰ ਸਵੇਰੇ ਹੀ ਮੈਂ ਪੈਸੇ ਮਾਤਾ ਜੀ ਨੂੰ ਦੇ ਦਿੱਤੇ ਕਿਉਂਕਿ ਮੈਨੂੰ ਪਤਾ ਹੀ ਸੀ ਕਿ ਪੈਸੇ ਮਾਤਾ ਜੀ ਕੋਲ ਹੀ ਜਾਣੇ ਹਨ। ਪੈਸੇ ਦੇ ਕਿ ਮੈਂ ਫਾਰਿਗ ਹੋ ਗਈ ਤੇ ਜਦੋਂ ਭਾਬੀ ਜੀ ਆਏ ਤਾਂ ਮੈਂ ਗੱਲਾਂ ਗੱਲਾਂ ਚ ਭਾਬੀ ਜੀ ਨੂੰ ਦੱਸ ਦਿੱਤਾ। ਮੈਂ ਨੋਟ ਕੀਤਾ ਕਿ ਭਾਬੀ ਜੀ ਦਾ ਰੰਗ ਉਸੇ ਵੇਲੇ ਫਿੱਕਾ ਪੈ ਗਿਆ। ਮੈਂ ਵੀ ਗਲਤ ਨਹੀ ਸੀ ।ਇਹ ਗੱਲ ਵਿੱਚ ਭੋਰਾ ਵੀ ਛੱਕ ਨਹੀ ਸੀ ਕਿ ਪੈਸੇ ਗਲਤ ਹੱਥਾਂ ਵਿੱਚ ਚਲੇ ਗਏ ਹੋਣ। ਕਿਉਂਕਿ ਇਹ ਤਾਂ ਗੱਲ ਚੋੜੀ ਚਿੱਟੀ ਸੀ ਕਿ ਕਿਰਾਇਆ ਮਾਤਾ ਜੀ ਕੋਲ ਹੀ ਜਾਂਦਾ ਹੈ।

ਇਹ ਵੀ ਨਹੀ ਸੀ ਕਿ ਪਰਿਵਾਰ ਦੀ ਕੋਈ ਗੱਲ ਮੈਂਥੋ ਲੁਕੀ ਹੋਈ ਸੀ । ਮਾਤਾ ਜੀ ਵੀ ਮੇਰੇ ਨਾਲ ਸਾਰੀਆਂ ਗੱਲਾਂ ਕਰ ਲੈਂਦੇ ਸੀ। ਵੱਡੇ ਤੇ ਛੋਟੇ ਭਾਬੀ ਜੀ ਮੇਰੇ ਨਾਲ ਪੂਰੀ ਤਰ੍ਹਾਂ ਖੁੱਲੇ ਸਨ। ਮੈਂ ਵੀ ਘਰ ਦੇ ਸਾਰੇ ਝੋਰੇ ਝੋਖੇ ਤੰਗੀਆਂ ਤੁਰਸੀਆਂ ਬਾਰੇ ਸਾਰੀਆਂ ਗੱਲਾਂ ਕਰਕੇ ਮਨ ਹੋਲਾ ਕਰ ਲੈਂਦੀ ਸੀ। ਦੋ ਕੁੜੀਆਂ ਤੇ ਦੋ ਮੁੰਡੇ ਛੇ ਜੀਆਂ ਦਾ ਸਾਡਾ ਪਰਿਵਾਰ ਤੇ ਪ੍ਰਾਈਵੇਟ ਨੋਕਰੀ । ਗੁਜਾਰਾ ਹੋ ਹੀ ਜਾਂਦਾ ਸੀ। ਪਰ ਕਿਰਸ ਤਾਂ ਕਰਨੀ ਹੀ ਪੈਂਦੀ ਸੀ। ਬਾਕੀ ਮੋਬਾਇਲਾਂ, ਗੈਂਸ ਸਿੰਲਡਰਾਂ ਦੇ ਖਰਚੇ ਬਿਜਲੀ ਪਾਣੀ ਦੇ ਬਿੱਲ ਤੇ ਆਹ ਚਾਰ ਚਾਰ ਬੱਚਿਆਂ ਦੇ ਪੜਾਈ ਦੇ ਖਰਚੇ ਤੇ ਉੱਤੋ ਆਪਣਾ ਮਕਾਨ ਵੀ ਨਾ ਹੋਵੇ। ਟੈਂਸਨ ਦਾ ਰਹਿੰਦੀ ਹੀ ਸੀ ਤੇ ਉਤੋਂ ਭਾਬੀ ਆਲੀ ਗੱਲ। ਹਾਂ ਇਸ ਘਰ ਚ ਰਹਿੰਦਿਆਂ ਮੈਨੂੰ ਕੋਈ ਹੋਰ ਫਿਕਰ ਨਹੀ ਸੀ। ਪੂਰਾ ਪਰਿਵਾਰ ਜੋ ਮਿਲਿਆ ਸੀ ਮੈਨੂੰ।

"ਤੂੰ ਬਹੁਤਾ ਫਿਕਰ ਨਾ ਕਰਿਆ ਕਰ। ਤੇਰੀ ਮਾਂ ਨੂੰ ਨਾ ਦੱਸਿਆ ਕਰ , ਵਿਚਾਰੀ ਦਿਲ ਨੂੰ ਲਾ ਲੈਂਦੀ ਹੈ। ਧੀਆਂ ਦੇ ਦੁੱਖ ਝੱਲੇ ਨਹੀ ਜਾਂਦੇ ਮਾਂਵਾਂ ਤੋਂ "। ਮਾਤਾ ਜੀ ਅਕਸਰ ਮੈਨੂੰ ਸਮਝਾਉਂਦੇ। "ਤੂੰ ਮੇਰੇ ਨਾਲ ਕਰ ਲਿਆ ਕਰ ਮਨ ਹੋਲਾ । ਮੈਂ ਵੀ ਤੇ ਤੇਰੀ ਮਾਂ ਸਮਾਨ ਹੀ ਹਾਂ। " ਮਾਤਾ ਜੀ ਦੀਆਂ ਇਹਨਾਂ ਗੱਲਾਂ ਨਾਲ ਮੈਨੂੰ ਹੋਸਲਾ ਮਿਲਦਾ। ਭਾਬੀ ਜੀ ਵੀ ਆਨੀ ਬਹਾਨੀ ਮੇਰੀ ਸਹਾਇਤਾ ਕਰਦੇ। ਕਈ ਅਜੇਹੀਆਂ ਚੀਜਾਂ ਜੋ ਮੇਰੇ ਕੰਮ ਆ ਸਕਦੀਆਂ ਹੁੰਦੀਆਂ ਮੈਨੂੰ ਬਹਾਨੇ ਜਿਹੇ ਨਾਲ ਦੇ ਦਿੰਦੇ ਪਰ ਉਹ ਦਿੰਦੇ ਇਸ ਤਰਾਂ ਕਿ ਮੇਰੇ ਵਕਾਰ ਨੂੰ ਠੇਸ ਨਾ ਪਹੁੰਚੇ। ਜਦੋਂ ਮਾਤਾ ਦੀ ਧੀ ਰੱਖੜੀ ਤੇ ਆਉਂਦੀ ਤਾਂ ਉਹ ਆਦੀ ਦੇ ਰੱਖੜੀ ਜਰੂਰ ਬੰਨਦੇ ਨਾਲੇ ਕੋਈ ਨਾ ਕੋਈ ਗਿਫਟ ਵੀ ਦਿੰਦੇ ਹਰ ਸਾਲ।

ਮੈਨੂੰ ਬਹੁਤ ਚਿੰਤਾ ਲੱਗੀ ਹੋਈ ਸੀ ਵੱਡੀ ਭਾਬੀ ਦੀ ਗੱਲ ਨੂੰ ਲੈ ਕੇ। ਪਤਾ ਨਹੀ ਇਹ ਮੇਰਾ ਵਹਿਮ ਸੀ ਜਾਂ ਸੱਚੀ ਕੋਈ ਗੱਲ ਸੀ । ਪਰ ਭਾਬੀ ਜੀ ਹਰ ਬਾਰ ਹੱਸ ਕੇ ਟਾਲ ਦਿੰਦੇ। ਮੈਂ ਇਹਨਾ ਨਾਲ ਵੀ ਗੱਲ ਕੀਤੀ ਪਰ ਇਹਨਾਂ ਨੇ ਕੋਈ ਖਾਸ਼ ਤਵੱਜੋ ਨਹੀ ਦਿੱਤੀ। ਆਖਿਰ ਮੈਂ ਛੋਟੀ ਭਾਬੀ ਨੂੰ ਪੁੱਛਿਆ। ਚਾਹੇ ਉਹ ਮੇਰੇ ਨਾਲ ਐਨੇ ਖੁਲ੍ਹੇ ਨਹੀ ਸਨ। ਪਰ ਮੈਂ ਵੀ ਮਜਬੂਰ ਸੀ। ਉਹਨਾਂ ਨੇ ਵੀ ਗੱਲ ਕਿਸੇ ਬੰਨੇ ਨਾ ਲਾਈ। ਜਦੋਂ ਅਗਲਾ "ਕੋਈ ਗੱਲ" ਨਹੀ ਆਖ ਦੇਵੇ ਤਾਂ ਬੰਦਾ ਦੁਹਰਾ ਕੇ ਕੀ ਪੁੱਛੇ। ਉਹਨਾਂ ਦੀਆਂ ਅੱਖਾਂ ਬੋਲਦੀਆਂ ਸਨ। ਤੇ ਮੈਂ ਗੱਲ ਪਕੜਦੀ ਸੀ। ਮੈਨੂੰ ਰਾਤ ਨੂੰ ਨੀਂਦ ਨਾ ਆਉਂਦੀ ਤੇ ਭੈੜੇ ਭੈੜੇ ਖਿਆਲ ਆਉਂਦੇ।ਮੈਨੂੰ ਲੱਗਦਾ ਕਿਤੇ ਇਹ ਮਕਾਨ ਖਾਲੀ ਕਰਨ ਦਾ ਹੀ ਨਾ ਕਹਿ ਦੇਣ।

ਆਖਿਰ ਇੱਕ ਦਿਨ ਮੈਂ ਰੋ ਪਈ ਛੋਟੀ ਭਾਬੀ ਜੀ ਕੋਲ। ਤੇ ਮੈਂ ਆਦੀ ਦੀ ਸੋਂਹ ਪਾ ਦਿੱਤੀ । ਤੇ ਭਾਬੀ ਜੀ ਨੇ ਮੇਰੇ ਮੂੰਹ ਤੇ ਹੱਥ ਰੱਖ ਦਿੱਤਾ। ਭਾਬੀ ਜੀ ਦੀਆਂ ਅੱਖਾਂ ਚੋ ਹੰਝੂ ਪਰਲ ਪਰਲ ਡਿੱਗਣ ਲੱਗੇ। "ਖਬਰਦਾਰ ਜੇ ਅੱਗੇ ਤੋਂ ਆਦੀ ਦੀ ਸੌਂਹ ਪਾਈ ਤਾਂ। " ਉਹ ਤਾਂ ਆਦੀ ਨੂੰ ਆਪਣਾ ਬੇਟਾ ਹੀ ਆਖਦੇ ਸਨ। ਕਿਉਂਕਿ ਉਸ ਦੇ ਦੋ ਧੀਆਂ ਹੀ ਸਨ। "ਸੁਮਨ ਮੈਂ ਮਜਬੂਰ ਹਾਂ ਮੈਂ ਇਸ ਬਾਰੇ ਕੁਝ ਨਹੀ ਬੋਲ ਸਕਦੀ। ਮੈਨੂੰ ਵੱਡੇ ਭਾਬੀ ਜੀ ਨੇ ਕਸਮ ਦਿੱਤੀ ਹੈ। " ਤੇ ਨਾਲ ਹੀ ਉਸ ਨੇ ਵੱਡੇ ਭਾਬੀ ਜੀ ਨੂੰ ਆਵਾਜ ਮਾਰ ਦਿੱਤੀ। ਤੇ ਸਾਰੀ ਗੱਲ ਉਸ ਨੂੰ ਦੱਸੀ ।

ਹੁਣ ਵੱਡੇ ਭਾਬੀ ਜੀ ਮੈਨੂੰ ਸਾਰੀ ਗੱਲ ਦੱਸ ਸਕਦੇ ਸੀ। ਪਰ ਉਹਨਾਂ ਦਾ ਹੋਸਲਾ ਨਹੀ ਸੀ ਪੈ ਰਿਹਾ। ਮੇਰੇ ਦਿਲ ਨੂੰ ਹੋਲ ਜਿਹੇ ਪੈ ਰਹੇ ਸੀ। "ਗੱਲ ਦਰਅਸਲ ਇਹ ਹੈ ਕਿ ---।" ਭਾਬੀ ਤੋਂ ਗੱਲ ਨਾ ਹੋਈ। ਤੇ ਉਸ ਦਾ ਗਲਾ ਭਰ ਆਇਆ। ਹੁਣ ਛੋਟੇ ਭਾਬੀ ਜੀ ਨੇ ਗੱਲ ਸੁਰੂ ਕੀਤੀ। "ਜਦੋਂ ਤੁਹਾਨੂੰ ਆਇਆ ਨੂੰ ਦੂਜਾ ਸਾਲ ਹੋ ਗਿਆ ਤਾਂ ਮਾਤਾ ਜੀ ਕਹਿੰਦੇ ਕਿ ਕਿਰਾਇਆ ਇੱਕ ਹਜਾਰ ਰੁਪਿਆ ਵਧਾ ਦਿਉ। ਇਹ ਅਸੂਲ ਹੈ। ਹੁਣ ਮਾਤਾ ਜੀ ਦਾ ਕਿਹਾ ਅਸੀ ਉਲਟਾ ਨਹੀ ਸਕਦੇ ਸੀ। ਤੇ ਅਸੀ ਦੋਹਾਂ ਨੇ ਆਪਸ ਚ ਰਾਇ ਕਰਕੇ ਵਧਿਆ ਕਿਰਾਇਆ ਪੱਲਿਉ ਪਾਕੇ ਮਾਤਾ ਜੀ ਨੂੰ ਦੇ ਦਿੰਦੇ ਸੀ। ਅਸੀ ਚਹੁੰਦੀਆਂ ਤਾਂ ਮਾਤਾ ਜੀ ਨੂੰ ਕਿਰਾਇਆ ਵਧਾਉਣ ਤ੍ਹੋ ਰੋਕ ਵੀ ਸਕਦੀਆਂ ਸੀ ਪਰ ਅਸੀ

ਅਜੇਹਾ ਨਹੀ ਕੀਤਾ ਕਿ ਮਾਤਾ ਜੀ ਤੁਹਾਡੇ ਬਾਰੇ ਗਲਤ ਨਾ ਸੋਚਣ। ਅਸੀ ਪਿੱਛਲੇ ਦੋ ਸਾਲ ਤੋਂ ਇੱਕ ਹਜਾਰ ਕੋਲੋ ਪਾ ਕੇ ਮਾਤਾ ਜੀ ਨੂੰ ਦਿੰਦੀਆਂ ਰਹੀਆਂ ਤੇ ਹੁਣ ਤੁਸੀ ਸਿੱਧਾ ਮਾਤਾ ਜੀ ਨੂੰ ਕਿਰਾਇਆ ਦੇ ਕੇ ਸਾਡਾ ਭੇਦ ਖੋਲ ਦਿੱਤਾ। ਚਾਹੇ ਤੁਹਾਡਾ ਕੋਈ ਕਸੂਰ ਨਹੀ। ਪਰ ਮਾਤਾ ਜੀ ਕੀ ਸੋਚਦੇ ਹੋਣੇ ਆ ਸਾਡੇ ਬਾਰੇ।" ਵੱਡੇ ਭਾਬੀ ਜੀ ਦੀਆਂ ਅੱਖਾਂ ਵਿੱਚ ਅਜੇ ਵੀ ਹੰਝੂ ਸਨ।

"ਨਹੀ ਤੁਸੀ ਮੈਨੂੰ ਐਨੀ ਮਾੜੀ ਕਿਵੇਂ ਸਮਝ ਲਿਆ । ਮੈਂ ਤਾਂ ਕਿਰਾਇਆ ਲੈਣਾ ਹੀ ਨਹੀ ਸੀ ਚਾਹੁੰਦੀ ਇਹਨਾ ਤੋਂ। ਜਿੱਥੇ ਮੇਰੇ ਦੋ ਪੁੱਤ ਰਹਿ ਰਹੇ ਹਨ ਉਥੇ ਮੈਂ ਤੀਜੇ ਤੋਂ ਮੈਂ ਕਿਰਾਇਆ ਕਿਉਂ ਲਵਾਂ?" ਅਚਾਨਕ ਮਾਤਾ ਜੀ ਨੇ ਆ ਕੇ ਸਾਨੂੰ ਕਿਹਾ। ਉਹ ਪਿੱਛੇ ਖੜ੍ਹੇ ਸਾਡੀਆਂ ਗੱਲਾਂ ਸੁਣ ਰਹੇ ਸੀ। ਹੁਣ ਰੋਣ ਦੀ ਵਾਰੀ ਮੇਰੀ ਸੀ। ਮੇਰੇ ਹੰਝੂ ਮੇਰੀ ਝੋਲੀ ਵਿੱਚ ਡਿੱਗ ਰਹੇ ਸੀ ਤੇ ਮੈਂ ਉਠ ਕੇ ਮਾਤਾ ਜੀ ਨੂੰ ਜੱਫੀ ਪਾ ਲਈ। ਤੇ ਮਾਤਾ ਦੀਆਂ ਅੱਖਾਂ ਵਿਚਲੇ ਹੰਝੂ ਵੀ ਹੁਣ ਹੜ੍ਹ ਦਾ ਰੂਪ ਧਾਰਣ ਕਰ ਚੁੱਕੇ ਸਨ।

# ਧੀਆਂ ਵਰਗੀ ਧੀ

" ਬੇਟਾ ਤੂੰ ਕਿਹੜੇ ਘਰਾਂ ਚੋਂ ਹੈ ? ਤੇ ਕਿਸ ਦੀ ਲੜਕੀ ਹੋ।" ਮੈਂ ਸਾਇਕਲ ਤੇ ਚੱਕੀ ਤੋਂ ਆਟਾ ਪਿਸਾ ਕੇ ਲਿਆ ਰਹੀ ਲੜਕੀ ਨੂੰ ਪੁਛਿਆ । "ਅੰਕਲ ਜੀ ਮੈ਼ ਮਾਸਟਰ ਕਰਮ ਚੰਦ ਦੀ ਲੜਕੀ ਹਾਂ। ਜੋ ਪਿਛਲੇ ਸਾਲ ਹੀ ਸੇਵਾਮੁਕਤ ਹੋਏ ਹਨ। " ਉਸ ਨੇ ਬੜੇ ਆਤਮ ਵਿਸ਼ਵਾਸ ਨਾਲ ਜਵਾਬ ਦਿੱਤਾ। "ਪੜ੍ਹਦੇ ਹੋ ਕਿ ਛੱਡਤੀ ਪੜ੍ਹਾਈ ?" ਮੈਂ ਉਸ ਦੇ ਕੰਮ ਤੇ ਸਲੀਕੇ ਨੂੰ ਦੇਖ ਕੇ ਪੁਛਿਆ। "ਜੀ ਮੈਂ ਬੀ ਏ ਫਾਈਨਲ ਚ ਹਾਂ। " ਉਸ ਨੇ ਸੰਖੇਪ ਜਿਹਾ ਜਵਾਬ ਦਿੱਤਾ। " ਤੇ ਤੁਹਾਡੇ ਮੰਮੀ ਕੀ ਕਰਦੇ ਹਨ? "ਕਿਉਂਕਿ ਲੜਕੀ ਨੂੰ ਇਸ ਤਰ੍ਹਾਂ ਦਾ ਕੰਮ ਕਰਦਾ ਵੇਖ ਮੈਨੂੰ ਬੜਾ ਅਜੀਬ ਜਿਹਾ ਲੱਗਿਆ। "ਅੰਕਲ ਜੀ ਪਾਪਾ ਮੰਮੀ ਕੁਝ ਬੀਮਾਰ ਜਿਹੇ ਰਹਿੰਦੇ ਹਨ ਤੇ ਘਰੇ ਹੀ ਹੁੰਦੇ ਹਨ।ਤੁਸੀ ਹੈਰਾਨ ਨਾ ਹੋਵੋ ਘਰ ਦੇ ਸਾਰੇ ਕੰਮ ਕਰਨਾ ਮੇਰੀ ਮਜਬੂਰੀ ਵੀ ਹੈ ਤੇ ਆਦਤ ਵੀ। " "ਫਿਰ ਤਾਂ ਤੂੰ ਪੁੱਤਾਂ ਵਰਗੀ ਧੀ ਹੋਈ। " ਮੈਂ ਉਸ ਨੂੰ ਸ਼ਾਬਾਸ ਦੇਣ ਦੇ ਮਕਸਦ ਨਾਲ ਕਿਹਾ।

"ਅੰਕਲ ਜੀ ਕਿਉਂ ? ਪੁੱਤਾਂ ਵਰਗੀ ਹੀ ਧੀ ਕਿਓਂ? ਧੀਆਂ ਵਰਗੀ ਧੀ ਕਿਓਂ ਨਹੀ। ਬੱਸ ਜੀ ਤੁਸੀ ਜੇ ਕਿਸੇ ਨੂੰ ਚੰਗਾ ਨਹੀ ਕਹਿ ਸਕਦੇ ਤਾਂ ਮੰਦਾ ਕਹਿਣ ਦਾ ਵੀ ਕੋਈ ਹੱਕ ਨਹੀ। " ਉਹ ਭੜਕ ਪਈ। "ਬੇਟਾ ਮੈਂ ਤਾਂ ਤੈਨੂੰ ਕੁਝ ਗਲਤ ਨਹੀ ਕਿਹਾ। " ਮੈਂ ਸਕਪਕਾ ਗਿਆ। ਮੈਂ ਤਾਂ ਉਸ ਨੂੰ ਪੁੱਤਾਂ ਵਰਗੀ ਧੀ ਹੀ ਕਿਹਾ ਸੀ।ਕਿਉਂਕਿ ਉਹ ਮੁੰਡਿਆਂ ਦੀ ਤਰਾਂ ਘਰ ਦੇ ਸਾਰੇ ਕੰਮ ਕਰਦੀ ਸੀ। ਉਹ ਦਲੇਰ ਸੀ। ਤੇ ਮੈਂ ਉਸ ਨੂੰ ਅਕਸਰ ਅਜਿਹੇ ਕੰਮ ਕਰਦੀ ਨੂੰ ਦੇਖਦਾ ਸੀ। "ਤੁਸੀ ਆਪਣੀ ਧਾਰਨਾਂ ਅਨੁਸਾਰ ਸਹੀ ਹੋ। ਲੋਕੀ ਵੀ ਇਸ ਤਰ੍ਹਾ ਹੀ ਮੰਨਦੇ ਹਨ। ਪਰ ਅੰਕਲ ਜੀ ਮੈਂ ਤੁਹਾਡੇ ਨਾਲ ਸਹਿਮਤ ਨਹੀ ਹਾਂ। ਸਦੀਆਂ ਤੋਂ ਹੀ ਲੋਕਾਂ ਦੀ ਇਹ ਮਾਨਸਿਕਤਾ ਬਣ ਚੁੱਕੀ ਹੈ ਕਿ ਪੁੱਤ ਆਪਣੇ ਹੁੰਦੇ ਹਨ ਤੇ ਧੀਆਂ ਤਾ ਬੇਗਾਨਾ ਧੰਨ ਹਨ।ਤੁਸੀ ਲੋਕ ਪੁਤਾਂ ਨੂੰ ਸਭ ਕੁਝ ਸਮਝਦੇ ਹੋ ਪਰ ਕਿਓਂ ਤੁਸੀ ਇਹ ਭੁਲ ਜਾਂਦੇ ਹੋ ਕਿ ਧੀ ਵੀ ਤੁਹਾਡਾ ਆਪਣਾ ਹੀ ਖੂਨ ਹੁੰਦੀ ਹੈ। ਪੁੱਤਾਂ ਦੀ ਤਰ੍ਹਾਂ। ਪੁੱਤ ਜਾਇਦਾਦ ਵਿਚੋਂ ਹਿੱਸਾ ਮੰਗਦੇ ਹਨ। ਪਰ ਧੀਆਂ ਨਹੀ। ਤੁਸੀ ਉਹਨਾ ਪੁੱਤਾਂ ਦੀ ਗੱਲ ਕਰਦੇ ਹੋ ਜੋ ਮਾਂ ਪਿਓ ਨੂੰ ਵਿਆਹ ਤੋ

ਬਾਅਦ ਛੱਡ ਜਾਂਦੇ ਹਨ। ਬਜੁਰਗਾਂ ਦੀ ਸੰਭਾਲ ਨਹੀ ਕਰਦੇ । ਓਹਨਾ ਨੂੰ ਸਿਰਫ ਆਪਣੇ ਹਿੱਸੇ ਤੱਕ ਮਤਲਬ ਹੁੰਦਾ ਹੈ। "

"ਅੰਕਲ ਜੀ ਆਹ ਲੰਬੜਾਂ ਦੇ ਮੰਦਰੀ ਨੂੰ ਦੇਖ ਲੋ ਜਦੋ ਜੰਮਿਆਂ ਸੀ ਤਾਂ ਮਾਂ ਪਿਓ ਕਿੰਨੇ ਖੁਸ਼ ਸੀ। ਕਿੰਨੀਆਂ ਖੁਸ਼ੀਆਂ ਮਨਾਈਆਂ ਗਈਆਂ ਕਿੰਨੇ ਪੂਜਾ ਪਾਠ ਕਰਵਾਏ ਗਏ। ਅਖੇ ਚਾਰ ਕੁੜੀਆਂ ਬਾਅਦ ਹੋਇਆ ਹੈ। ਕੁੜੀਆਂ ਨੂੰ ਢੰਗ ਨਾਲ ਰੋਟੀ ਵੀ ਨਹੀ ਦਿੱਤੀ ਜਾਂਦੀ ਸੀ ਪੜਾਉਣਾ ਤਾਂ ਇੱਕ ਪਾਸੇ ਰਿਹਾ।ਹੁਣ ਓਹੀ ਮੰਦਰੀ ਹੁਣ ਮਾਂ ਪਿਓ ਨੂੰ ਤੰਗ ਕਰਦਾ ਹੈ। ਨਸ਼ੇ ਚ ਧੁੱਤ ਪਿਆ ਰਹਿੰਦਾ ਹੈ। ਪੈਸੇ ਮੰਗਦਾ ਹੈ ਨਸ਼ੇ ਕਰਨ ਵਾਸਤੇ।ਕਦੇ ਕਦੇ ਉਹ ਹੱਥ ਵੀ ਚੁੱਕਦਾ ਹੈ। ਤੇ ਹੁਣ ਓਹੀ ਮਾਂ ਪਿਓ ਆਪਣੀਆਂ ਧੀਆਂ ਕੋਲੇ ਰਹਿੰਦੇ ਹਨ। ਤੇ ਧੀਆਂ ਹੀ ਉਹਨਾ ਦੀ ਸੇਵਾ ਕਰਦੀਆਂ ਹਨ।ਤੇ ਤੁਸੀ ਮੈਨੂੰ ਪੁੱਤਾਂ ਵਰਗੀ ਧੀ ਕਹਿੰਦੇ ਹੋ। "

"ਅੰਕਲ ਜੀ ਆਹ ਤੁਹਾਡੇ ਘਰ ਦੇ ਨਾਲ ਹੀ ਸ਼ੈਲਰ ਵਾਲਿਆਂ ਦਾ ਘਰ ਹੈ ਅੰਟੀ ਕਾਫੀ ਸਮੇਂ ਤੋਂ ਬੀਮਾਰ ਹਨ ਓਹਨਾ ਦੇ ਦੋਨੇ ਬੇਟੇ ਉਸ ਦੀ ਸੰਭਾਲ ਨਹੀ ਕਰਦੇ। ਪਰ ਉਸ ਦੀਆਂ ਧੀਆਂ ਇੱਥੇ ਆ ਕੇ ਉਸ ਦੀ ਖਾਤਿਰਦਾਰੀ ਕਰਦੀਆਂ ਹਨ। ਜਦੋ ਉਹ ਅੰਟੀ ਹਸਪਤਾਲ ਵਿੱਚ ਦਾਖਿਲ ਸੀ ਤਾਂ ਉਸ ਦੀ ਧੀ ਇੱਥੇ ਹੀ ਰਹੀ।ਤੇ ਦਵਾਈਆਂ ਦਿਵਾਉਂਦੀ ਰਹੀ। ਉਸ ਦੇ ਪੁੱਤ ਤੇ ਨੂੰਹਾਂ ਕਦੇ ਉਸ ਨੂੰ ਪਾਣੀ ਵੀ ਨਹੀ ਪੁਛਿਆ। ਫੇਰ ਉਹ ਮਾਂ ਨੂੰ ਨਾਲ ਲੈ ਗਈ ਉਥੇ ਤੇ ਉਸ ਦਾ ਇਲਾਜ ਕਰਵਾਇਆ। "

"ਅੰਕਲ ਜੀ ਮੈ ਹੈਂ ਤਾਂ ਤੁਹਾਡੇ ਤੋਂ ਉਮਰ ਚ ਬਹੁਤ ਛੋਟੀ ਪਰ ਤੁਹਾਡੇ ਅੰਦਰ ਵੀ ਜੋ ਪੁੱਤਾਂ ਪ੍ਰਤੀ ਇੱਕ ਖਾਸ਼ ਜਿਹਾ ਮੋਹ ਹੈ ਉਹ ਸੱਚਾ ਹੈ ਪਰ ਤੁਸੀ ਧੀਆਂ ਦੇ ਯੋਗਦਾਨ ਨੂੰ ਅੱਖ ਪਰੋਖੇ ਨਹੀ ਕਰ ਸਕਦੇ।ਸਾਰੇ ਲੋਕ ਇੱਕੋ ਜਿਹੇ ਨਹੀ ਹੁੰਦੇ। ਸਾਰੇ ਹੀ ਪੁੱਤ ਗਲਤ ਨਹੀ ਹੁੰਦੇ । ਪਰ ਤੁਸੀ ਧੀਆਂ ਨੂੰ ਬੋਝ ਸਮਝਦੇ ਹੋ। ਹਮੇਸਾ ਲੜਕੀਆਂ ਨੂੰ ਮਾਣ ਮਰਿਆਦਾ ਚ ਰਹਿਣ ਦੀ ਨਸੀਹਤ ਦਿੰਦੇ ਹੋ ਪਰ ਤੁਸੀ ਪੁੱਤਰਾਂ ਤੇ ਆਪਣੀ ਲਗਾਮ ਕਿਉ ਨਹੀ ਕਸਦੇ। ਤੁਸੀ ਧੀਆਂ ਨੂੰ ਉੱਚਾ ਦਰਜਾ ਨਾ ਦਿਓ ਪਰ ਇਹ ਧੀਆਂ ਬਰਾਬਰੀ ਦਾ ਹੱਕ ਤਾਂ ਰੱਖਦੀਆਂ ਹਨ। ਮੈਂ ਤੁਹਾਡੀ ਕਿਸੇ ਗੱਲ ਦਾ ਗੁੱਸਾ ਨਹੀ ਕਰਦੀ ।ਪਰ ਤੁਹਾਡੀ ਧੀਆਂ ਪ੍ਰਤੀ ਸੋਚ ਨੂੰ ਜਰੂਰ ਬਦਲਣਾ ਚਹਾਂਗੀ। ਜੋ ਤੁਸੀ ਮੈਨੂੰ ਪੁੱਤਾਂ ਵਰਗੀ ਧੀ ਆਖ ਕੇ

ਮੇਰਾ ਹੀ ਨਹੀ ਲੱਖਾਂ ਧੀਆਂ ਦਾ ਅਪਮਾਨ ਕੀਤਾ ਹੈ ਉਸ ਦਾ ਮੈਨੂੰ ਦੁੱਖ ਹੈ ਤੇ ਰਹੇਗਾ ਵੀ। "

" ਅੰਕਲ ਜੀ ਕਦੇ ਕਿਸੇ ਮਾਂ ਨੂੰ ਜਾਕੇ ਪੁਛਿਓ ਜੇ ਪੁੱਤਾਂ ਕੋਲੋ ਉਸ ਨੂੰ ਰੋਟੀ ਮਿਲਦੀ ਹੈ ਤਾਂ ਧੀ ਨਾਲ ਸੁੱਖ ਦੁੱਖ ਕਰਕੇ ਉਸ ਨੂੰ ਜੋ ਸਕੂਨ ਮਿਲਦਾ ਹੈ ਕੀ ਉਹ ਸਕੂਨ ਪੁੱਤ ਦੇ ਸਕਦੇ ਹਨ।ਦਿਲ ਦੇ ਗੁਬਾਰ ਨੂੰ ਕੱਢਣ ਲਈ ਧੀ ਦਾ ਹੋਣਾ ਜਰੂਰੀ ਹੈ ।ਅਜ ਪੁੱਤ ਰੋਟੀ ਦਿੰਦੇ ਹਨ ਉਹ ਜਾ ਤਾਂ ਪੈਨਸ਼ਨ ਦੇ ਬਦਲੇ ਚ ਦਿੰਦੇ ਹਨ ਜਾ ਜਾਇਦਾਦ ਦੇ ਲਾਲਚ ਵਿੱਚ। ਪਰ ਧੀਆਂ ਦਾ ਪਿਆਰ ਤਾਂ ਨਿਰਸਵਾਰਥ ਹੁੰਦਾ ਹੈ।ਤੇ ਤੁਸੀ ਮੇਰੀ ਤੁਲਨਾ ਉਹਨਾ ਪੁੱਤਾਂ ਨਾਲ ਕਰ ਰਹੇ ਹੋ।ਇਹ ਗਾਲੀ ਨਹੀ ਤਾਂ ਹੋਰ ਕੀ ਹੈ । "

" ਅੰਕਲ ਜੀ ਕੀ ਬਣੂਗਾ ਓਹਨਾਂ ਮਾਪਿਆ ਦਾ ਜੇ ਓਹਨਾਂ ਦੀਆਂ ਧੀਆਂ ਵੀ ਪੁੱਤਾਂ ਵਰਗੀਆਂ ਖੁਦਗਰਜ ਤੇ ਸੁਆਰਥੀ ਹੋ ਗਈਆਂ ਤਾਂ। ਫੇਰ ਕੌਣ ਬੰਣੂਗਾ ਓਹਨਾਂ ਦੀ ਬੁਢਾਪੇ ਦੀ ਲਾਠੀ। ਕੋਣ ਸੁਣੂਗਾ ਮਾਂ ਦੇ ਦਿਲ ਦੀਆਂ ਗੱਲਾ ਤੇ ਕੋਣ ਮਾਂ ਦਾ ਦੁੱਖਾਂ ਦਾ ਭਾਰ ਵੰਡਾਵੇਗਾ।ਅੰਕਲ ਜੀ ਤੁਸੀ ਮੈ਼ਨੂੰ ਧੀ ਹੀ ਰਹਿਣ ਦਿਓ। ਤੁਹਾਡੀ ਮਿਹਰਬਾਨੀ ਹੋਵੇਗੀ। "

"ਅੰਕਲ ਜੀ ਮੈ਼ ਸਭ ਤੋਂ ਛੋਟੀ ਹਾਂ ਘਰੇ । ਬੜੇ ਲਾਡਾਂ ਤੇ ਚਾਵਾਂ ਨਾਲ ਮੇਰੇ ਦੋਨੇ ਭਰਾਵਾਂ ਦੇ ਵਿਆਹ ਕੀਤੇ। ਸਾਰੇ ਸ਼ਗਨ ਵਿਚਾਰੇ ਗਏ। ਕੁਝ ਕੁ ਦਿਨ ਤਾਂ ਮੇਰੇ ਮਾਂ ਪਿਓ ਦੀ ਅੱਡੀ ਨਾ ਲੱਗੀ ਜਮੀਨ ਤੇ। ਮੇਰੀ ਮਾਂ ਫੁੱਲੀ ਨਹੀ ਸੀ ਸਮਾਉਂਦੀ । ਘਰੇ ਦੋ ਦੋ ਨੂੰਹਾਂ ਜੋ ਆਈਆਂ ਸੀ। ਪਰ ਇਹ ਖੁਸੀਆਂ ਚੰਦ ਕੁ ਦਿਨ ਹੀ ਰਹੀਆਂ। ਘਰੇ ਕਿੱਚ ਕਿੱਚ ਸ਼ੁਰੂ ਹੋ ਗਈ। ਨੂੰਹਾਂ ਦੇ ਨੱਖਰੇ ਮੇਰੀ ਮਾਂ ਤੋਂ ਝੱਲ ਨਾ ਹੋਏ।ਪਾਪਾ ਸੇਵਾ ਮੁਕਤੀ ਦੇ ਨੇੜੇ ਸਨ ਸੋ ਭਰਾਵਾਂ ਨੇ ਕਿਨਾਰਾ ਕਰਨ ਚ ਹੀ ਭਲਾਈ ਸਮਝੀ ਤੇ ਆਪਣਾ ਹਿੱਸਾ ਲੈ ਕੇ ਤੁਰਦੇ ਬਣੇ। ਕਈ ਦਿਨ ਤਾਂ ਮੇਰੀ ਮਾਂ ਰੋਂਦੀ ਰਹੀ। ਫਿਰ ਉਸ ਨੇ ਹਲਾਤ ਨਾਲ ਸਮਝੋਤਾ ਕਰ ਲਿਆ। ਮੈਂ ਮਾਂ ਨੂੰ ਹੋਸਲਾ ਦਿੱਤਾ। ਮਾਂ ਮੈਂ ਜੁ ਹੂੰ ਨਾ ਤੂੰ ਫਿਕਰ ਨਾ ਕਰ। ਤੇ ਉਸ ਦਿਨ ਤੋ ਬਾਅਦ ਮੈਂ ਘਰ ਦੇ ਸਾਰੇ ਕੰਮਾਂ ਦਾ ਜਿੰਮਾਂ ਸੰਭਾਲ ਲਿਆ।ਹੁਣ ਨਾ ਪਾਪਾ ਤੋ ਕੰਮ ਹੁੰਦਾ ਹੈ ਨਾ ਮੰਮੀ ਤੋਂ। ਹਾਂ ਜੋ ਪੈਨਸ਼ਨ ਆਉਂਦੀ ਹੈ ਘਰ ਦਾ ਗੁਜ਼ਾਰਾ ਚਲ ਜਾਂਦਾ ਹੈ। ਬਾਕੀ ਕੰਮ ਦੀ ਕੋਈ ਚਿੰਤਾ ਨਹੀ। "

“ ਅੰਕਲ ਜੀ ਤੁਸੀ ਮੇਰੀ ਤੁਲਨਾ ਮੇਰੇ ਭਰਾਵਾਂ ਨਾਲ ਕਰ ਰਹੇ ਹੋ । ਕੀ ਮੈਂ ਵੀ ਓਹਨਾਂ ਵਰਗੀ ਲਗਦੀ ਹਾਂ ਤੁਹਾਨੂੰ ?” ਮੇਰੇ ਕੋਲ ਉਸਦੇ ਸਵਾਲ ਦਾ ਕੋਈ ਜਵਾਬ ਨਹੀ ਸੀ ।ਉਸ ਦਾ ਭਾਸ਼ਣ ਅਜੇ ਜਾਰੀ ਸੀ ਪਰ ਮੇਰੇ ਵਿੱਚ ਹੋਰ ਸੁਨਣ ਦੀ ਤਾਕਤ ਨਹੀ ਸੀ। ਪਰ ਮੈਂ ਉਸ ਦੀਆਂ ਗੱਲਾ ਤੇ ਗੋਰ ਕਰ ਰਿਹਾ ਸੀ ਜੋ ਕੋੜੀਆਂ ਤਾਂ ਸੀ ਪਰ ਸੱਚੀਆਂ ਸਨ। ਹੁਣ ਵਾਕਿਆ ਹੀ ਉਸ ਨੂੰ ਧੀਆਂ ਵਰਗੀ ਧੀ ਕਹਿਣ ਨੂੰ ਦਿਲ ਕਰਦਾ ਸੀ ਤੇ ਮੈਂਨੂ ਮੇਰੀ ਗਲਤੀ ਦਾ ਅਹਿਸਾਸ ਹੋ ਗਿਆ ਸੀ।

# ਤੇ ਧੀ ਤੋਰ ਦਿੱਤੀ

............।

ਅੰਦਰ ਦਾ ਮਾਹੋਲ ਬੜਾ ਅਜੀਬ ਜਿਹਾ ਸੀ ।ਇਕ ਪਾਸੇ ਵਿਆਹ ਦੀਆਂ ਰਸਮਾਂ ਹੋ ਰਹੀਆਂ ਸਨ ਤੇ ਦੂਜੇ ਪਾਸੇ ਔਰਤਾਂ ਦਾ ਸੋਰ ਗੁਲ ਤੇ ਗੀਤ ਸਿਠਣੀਆਂ ਦਾ ਪ੍ਰੋਗਰਾਮ । ਲੋਕ ਸ਼ਰਧਾ ਤੇ ਖ਼ੁਸ਼ੀ ਨਾਲ ਬੈਠੇ ਅਨੰਦ ਕਾਰਜ ਨੂੰ ਦੇਖ ਰਹੇ ਸਨ। ਪਵਿਤਰ ਗੁਰਬਾਣੀ ਦੀਆਂ ਰੀਤ ਰਿਵਾਜਾਂ ਨਾਲ ਕਾਰਜ ਸੰਪਨ ਹੋ ਰਹੇ ਸਨ। ਅਸੀਂ ਦੋਹਾਂ ਨੇ ਮੱਥਾ ਟੇਕਿਆ ਤੇ ਚੁੱਪਚਾਪ ਪਿੱਛੇ ਜਾ ਕੇ ਬੈਠ ਗਏ। ਸਾਨੂੰ ਏਥੇ ਕੋਈ ਨਹੀਂ ਸੀ ਜਾਣਦਾ। ਨਾ ਲੜਕੇ ਵਾਲੇ ਨਾ ਲੜਕੀ ਵਾਲੇ । ਅਸੀਂ ਕਿਸੇ ਨੂੰ ਪਹਿਲਾਂ ਕਦੇ ਮਿਲੇ ਹੀ ਨਹੀਂ ਸੀ ਤੇ ਨਾ ਕਿਸੇ ਨੂੰ ਦੇਖਿਆ ਸੀ। ਇਸੇ ਸ਼ਸੋਪੰਜ ਵਿੱਚ ਸੋਚਦੇ ਸੋਚਦੇ ਮੇਰੀ ਸੋਚ ਮੈਨੂੰ ਬਹੁਤ ਪਿਛੇ ਲੈ ਗਈ ਉਨ੍ਹੀ ਦਿਨੀ ਮੇਰੀ ਇਕ ਕਹਾਣੀ 'ਕੌੜਾ ਸੱਚ' ਚ ਅਖਬਾਰ ਵਿੱਚ ਛਪੀ ਸੀ।

"ਸਰ ਜੀ ਤੁਹਾਡੀ ਅਖਬਾਰ ਵਿੱਚ ਛਪੀ 'ਕਹਾਣੀ ਕੋੜਾ ਸੱਚ' ਬਹੁਤ ਵਧੀਆ ਲੱਗੀ । ਫਰਾਮ ਦੀਪ।" ਮੈਨੂ ਇੱਕ ਐਸ.ਐਮ.ਐਸ. ਪ੍ਰਾਪਤ ਹੋਇਆ ।

"ਸੁਕਰੀਆ ਜੀ, ਤੁਸੀ ਕੀ ਕਰਦੇ ਹੋ? ਕੀ ਤੁਸੀ ਟੀਚਰ ਹੋ ?" ਮੈਂ ਉਸੇ ਤਰੀਕੇ ਨਾਲ ਹੀ ਸਵਾਲ ਕੀਤਾ।

"ਨਹੀਂ ਜੀ ੋ, ਮ਼ੈ ਪੜਦੀ ਹਾਂ, ਟੀਚਰ ਨਹੀਂ ਹਾਂ। ਫਰਾਮ ਦੀਪ " ਇਹ ਜਵਾਬ ਆਇਆ।

" ਪਲੀਜ਼ ਤੁਸੀ ਕੋਮੇਟ ਲਿਖੋ ਕਿ ਇਹ ਕਹਾਣੀ ਤੂਹਾਨੂ ਕਿਉਂ ਅੱਛੀ ਲਗੀ।ਕਿਉਂਕਿ ਇਕ ਲੇਖਕ ਦੀ ਇਹ ਜਾਨਣ ਦੀ ਇੱਛਾ ਹੁੰਦੀ ਹੈ। ਕਿ ਪਾਠਕ ਉਸਨੂੰ ਕਿਉ ਪਸੰਦ ਕਰਦੇ ਹਨ"। ਮੈਂ ਫਿਰ ਮੈਸੈਜ ਰਾਹੀ ਪੁਛਿਆ ।

"ਅਜ ਤੇ ਲੇਟ ਹੋ ਗਈ ਹਾਂ ਵਾਂ, ਕਲ੍ਹ ਨੂੰ ਪੂਰਾ ਕੋਮੈਂਟ ਭੇਜਾਂਗੀ।" ਮੈਨੂੰ ਜਵਾਬ ਮਿਲਿਆ । ਗਲ ਉਸ ਦੀ ਵੀ ਸਹੀ ਸੀ ਕਿਉਂਕਿ ਸ਼ਾਮ ਹੋ ਚੁੱਕੀ ਸੀ। ਤੇ ਉਸਨੇ ਘਰ ਦਾ ਕੰਮ ਵੀ ਕਰਨਾ ਹੋਵੇਗਾ। ਮੈਂ ਤਾਂ ਭਲਾਂ ਦੀ ਵਿਹਲਾ ਸੀ। ਤੇ ਆਪਣੀ ਪ੍ਰਸੰਸਾ ਸੁਣਨ ਦਾ ਭੁੱਖਾ । ਕਿਉਂਕਿ ਉਸ ਕਹਾਣੀ ਤੇ ਮੈਨੂੰ ਬਹੁਤ ਸਾਰੇ ਮੈਸੇਜ਼

ਆਏ । ਪੰਜ ਚਾਰ ਫੋਨ ਵੀ ਆਏ । ਵੱਡਿਆਂ ਦੇ ਛੋਟਿਆਂ ਦੇ , ਟੀਚਰਾਂ ਦੇ ਤੇ ਕੁਝ ਕੁ ਬਜੁਰਗ ਪਾਠਕਾਂ ਦੇ। ਤੇ ਮੈਂ ਸਭ ਕੁਝ ਭੁਲ ਭੁਲਾ ਗਿਆ।

"ਤੁਹਾਡੀ ਕਹਾਣੀ ਬਹੁਤ ਅੱਛਾ ਸੰਦੇਸ਼ ਦਿੰਦੀ ਹੈ। ਕੁੜੀਆਂ ਨੂੰ ਬਹੁਤ ਪ੍ਰੇਰਨਾਂ ਦਿੰਦੀ ਹੈ। ਉਹਨਾਂ ਨੂੰ ਸਬਰ ਕਰਨਾ ਸਿਖਾਉਂਦੀ ਹੈ। ਜੇ ਸਾਰੀਆਂ ਕੁੜੀਆਂ ਤੁਹਾਡੀ ਕਹਣੀ ਦੀ ਪਾਤਰ ਦੀਪੀ ਤਰ੍ਹਾਂ ਆਪਣੀ ਭੂਆ ਦੀਆਂ ਗੱਲਾਂ ਤੇ ਅਮਲ ਕਰਨ ਤਾਂ ਕਈ ਘਰ ਉਜੜਨੋ ਬਚ ਸਕਦੇ ਹਨ। ਫਰਾਮ ਦੀਪ "। ਅਗਲੇ ਦਿਨ ਮੇਰੇ ਇਨਬੋਕਸ ਚ ਆਏ। ਇਸ ਮੈਸੇਜ਼ ਨੇ ਮੈਨੂੰ ਉਸ ਕੁੜੀ ਦਾ ਚੇਹਰਾ ਮੇਰੀ ਕਲਪਣਾ ਦੀ ਪਾਤਰ ਦੇ ਚੇਹਰੇ ਵਰਗਾ ਲਗ਼ਿਆ। ਮੈਂ ਉਸਦੇ ਮੈਸੇਜ਼ ਤੋ ਬਹੁਤ ਪ੍ਰਭਾਵਿਤ ਹੋਇਆ । ਮੈਨੂੰ ਉਹ ਮੈਸੇਜ਼ ਕਰਨ ਵਾਲੀ ਕੁੜੀ ਬਹੁਤ ਸਮਝਦਾਰ ,ਸੁਸੀਲ ਲੱਗੀ। ਉਸ ਦੇ ਸ਼ਬਦਾਂ ਨੇ ਮੈਨੂੰ ਕਾਇਲ ਜਿਹਾ ਕਰ ਦਿੱਤਾ।

"ਸ਼ੁਕਰੀਆ ਦੀਪ ਜੀ ਤੁਹਾਡੇ ਕੋਮੈਂਟ ਮੈਨੂੰ ਹਰ ਵਧੀਆ ਲਿਖਣ ਲਈ ਪ੍ਰੇਰਿਤ ਕਰਨਗੇ।" ਮੈਂ ਜਵਾਬ ਦਿੱਤਾ।

"ਨਹੀਂ ਜੀ ਸ਼ੁਕਰੀਆ ਦੀ ਤਾਂ ਕੋਈ ਗੱਲ ਨਹੀਂ। ਏਹ ਤਾਂ ਸਾਡਾ ਫਰਜ਼ ਹੈ। ਉਸਦੇ ਇਸ ਪਿਆਰੇ ਜਿਹੇ ਕੋਮੈਂਟ ਨੇ ਮੈਨੂੰ ਹੋਰ ਹੀ ਤਰਾਂ ਦੀ ਖੁਸੀ ਦਿੱਤੀੌ, ਤੇ ਮੇ ਫਕਰ ਜਿਹਾ ਮਹਿਸੂਸ ਕੀਤਾ । ਮੋਬਾਇਲ ਫੋਨ ਤੇ ਸੰਦੇਸ਼ਾ ਦਾ ਆਉਣ ਜਾਣ ਚਲਦਾ ਰਿਹਾ ਤੇ ਮੈਂ ਉਸ ਦੀ ਵਿਚਾਰਧਾਰਾ `ਚ ਬੱਝਦਾ ਚਲਾ ਗਿਆ ।

"ਤੁਸੀਂ ਜਾਣਦੇ ਹੋ ਕਿ ਮੈਂ 53 ਸਾਲਾਂ ਦੀ ਅਧੇੜ ਉਮਰ ਦਾ ਲੇਖਕ ਹਾ। ਮੇਰੇ ਦੋਨੋ ਬੱਚੇ ਨੌਕਰੀ ਕਰਦੇ ਹਨ ਤੇ 25-26 ਸਾਲ ਦੀ ਉਮਰ ਦੇ ਹਨ ਤੇ ਤੂੰ ਸਿਰਫ 22 ਸਾਲਾਂ ਦੀ ਇੱਕ ਵਿਦਿਆਰਥਣ ਹੈਂ। ਤੇਰੇ ਮੇਰੇ ਪ੍ਰਤੀ ਕੀ ਨਜਰੀਆ ਹੈ। ਕਿਤੇ ਤੂੰ ਮੇਰੀ ਇਸ ਆਦਤ ਨੂੰ ਥੋੜਾ ਗਲਤ ਨਾ ਸਮਝ ਲਈ। ਮੇਰੀ ਭਾਵਨਾਵਾਂ ਨੂੰ ਮੇਰੇ ਨਜਰੀਏ ਨਾਲ ਹੀ ਸਮਝੀ।" ਮੈਂ ਇਕ ਦਿਨ ਉਸ ਨੂੰ ਥੋੜਾ ਜਿਹਾ ਸਖਤ ਤੇ ਚੇਤਾਵਨੀ ਭਰੇ ਸ਼ਬਦਾਂ ਵਿੱਚ ਕਿਹਾ । ਕਿਉਂਕਿ ਕਈ ਵਾਰੀ ਬੱਚੇ ਅਲ੍ਹੜ ਉਮਰੇ ਹਰ ਨਾਤੇ ਨੂੰ ਗਲਤ ਲੈ ਜਾਂਦੇ ਹਨ।

" ਨਹੀਂ ਸਰ ਜੀ ,ਮੈਂ ਸਭ ਜਾਣਦੀ ਹਾਂ। ਤੁਸੀ ਮੇਰੇ ਪਾਪਾ ਦੀ ਉਮਰ ਦੇ ਹੋ। ਮੈਂ ਤੁਹਾਡੇ ਵਿੱਚ ਆਪਣੇ ਫੋਜੀ ਪਾਪਾ ਦਾ ਅਕਸ ਦੇਖਦੀ ਹਾਂ। ਤੁਸੀ ਮੇਰੇ ਚਾਚਾ ਤਾਇਆ ਵਰਗੇ ਹੋ। ਪਰ ਇਕ ਬਾਪ ਵੀ ਤਾਂ ਆਪਣੀ ਬੇਟੀ ਦਾ ਦੋਸਤ ਹੋ ਸਕਦਾ ਹੈ। ਉਸਦਾ ਮਾਰਗ ਦਰਸ਼ਕ ਹੋ ਸਕਦਾ ਹੈ। ਮੈਂ ਗਰੀਬ ਜਰੂਰ ਹਾਂ ਤੇ

ਮੈਂ ਮਿਹਨਤ ਕਰਕੇ ਆਪਣੀ ਰੋਜੀ ਚਲਾਉਂਦੀ ਹਾਂ। ਬਾਪ ਦੀ ਪੱਗ ਨੂੰ ਦਾਗ ਮੈਂ ਕਦੇ ਸੋਚ ਵੀ ਨਹੀਂ ਸਕਦੀ । ਉਸ ਦੀਆਂ ਬੇਬਾਕ ਗੱਲਾ ਉਸ ਦੀ ਉਚ ਸ਼ਖਸ਼ੀਅਤ ਤੇ ਚਾਨਣਾ ਪਾਉਂਦੀਆਂ । ਮੈਨੂੰ ਉਹ ਕੁੜੀ ਮੇਹਨਤੀ ਲੱਗੀ । ਉਸਦੇ ਵਿਚਾਰ ਤੇ ਵੱਡਿਆ ਪ੍ਰਤੀ ਉਸਦਾ ਪਿਆਰ ਮੇਰੇ ਮਨ ਅੰਦਰ ਆਪਨੀ ਪੈਂਠ ਬਨਾਓਣ ਵਿੱਚ ਸਫਲ ਰਿਹਾ।

"ਅੰਕਲ ਜੀ ਤੁਹਾਡੇ ਕਿੰਨੀਆਂ ਕੁੜੀਆਂ ਹਨ? ਆਂਟੀ ਜੀ ਕੀ ਕਰਦੇ ਹਨ? " ਇਕ ਦਿਨ ਫੇਰ ਅਚਾਨਕ ਆਏ ਉਸਦੇ ਮੋਬਾਇਲ ਮੈਸੇਜ਼ ਨੇ ਮੈਨੂੰ ਚੌਕਾਂ ਦਿੱਤਾ । ਹੁਣ ਉਹ ਸਰ ਜੀ ਤੋਂ ਅੰਕਲ ਜੀ ਆਂਟੀ ਤੇ ਆ ਗਈ ਸੀ ਤੇ ਅਪਣੱਤ ਜਿਹੀ ਦਿਖਾਉਣ ਲਗ ਪਈ । ਕਈ ਵਾਰੀ ਘਰ ਦੀਆਂ ਛੋਟੀਆਂ ਛੋਟੀਆਂ ਗੱਲਾਂ ਕਰਦੀ ਤੰਗੀਆਂ ਤਰੁਸ਼ੀਆਂ ਦੀ ਗੱਲ ਵੀ ਕਰਦੀ।

"ਮੇਰੇ ਕੋਈ ਬੇਟੀ ਨਹੀਂ ਹੈ। ਬਸ ਦੋ ਬੇਟੇ ਹੀ ਹਨ।" ਮੈਂ ਉਸ ਨੂੰ ਜਵਾਬ ਦਿੱਤਾ । ਤੇ ਠੰਡਾ ਜਿਹਾ ਹੌਕਾ ਲਿਆ।

"ਫੇਰ ਤਾਂ ਮੈਂ ਤੁਹਾਨੂੰ ਪਾਪਾ ਕਹਿ ਸਕਦੀ ਹਾਂ ਨਾ। ਬਸ ਜੀ ਮੈਂ ਤਾਂ ਹੁਣ ਤੁਹਾਨੂੰ ਪਾਪਾ ਫਰੈਂਡ ਹੀ ਕਿਹਾ ਕਹਾਂਗੀ।" ਉਸ ਦੇ ਇਸ ਮੈਸੇਜ਼ ਨੇ ਮੈਨੂੰ ਫਿਰ ਹਲੂਣ ਜਿਹਾ ਦਿੱਤਾ।

"ਜਰੂਰ ਜਰੂਰ ਕਿਉਂ ਨਹੀਂ, ਤੂੰ ਮੇਰੀ ਧੀਆਂ ਵਰਗੀ ਹੀ ਹੈਂ। ਵਰਗੀ ਨਹੀਂ ਸਿਰਫ ਧੀ ਹੀ ਹੈਂ । ਪਰ............"। ਮੈਂ ਹੋਰ ਕੁਝ ਨਾ ਲਿਖ ਸਕਿਆ ।

" ਠੀਕ ਹੈ ਜੀ। ਤੁਸੀ ਮੈਨੂੰ ਬੇਟੀ ਆਖੋ ਨਾ ਆਖੋ ,ਮੈਂ ਪਾਪਾ ਹੀ ਕਿਹਾ ਕਰਨਾ ਵਾ"। ਉਸਨੇ ਬੇਝਿੱਕ ਲਿਖ ਦਿੱਤਾ । ਹੁਣ ਕਦੇ ਕਦੇ ਸਾਡੀ ਫੋਨ ਤੇ ਗੱਲ ਵੀ ਜਾਦੀ ਸੀ। ਕਈ ਵਾਰੀ ਉਹ ਮੌਜੂਦਾ ਹਾਲਾਤਾਂ ਤੋ ਦੁਖੀ ਹੋ ਕੇ ਉੱਚੀ ਉੱਚੀ ਰੋਣ ਲੱਗ ਜਾਂਦੀ ।ਤੇ ਕਦੇ ਕੋਈ ਹੋਰ ਗੁੱਸਾ ਮੇਰੇ ਤੇ ਕੱਢ ਦਿੰਦੀ । ਰੁੱਸ ਜਾਂਦੀ । ਫਿਰ ਕਹਿੰਦੀ। " ਮੈਂ ਮਜਾਕ ਕਰਦੀ ਸੀ। ਮੈਂ ਤੁਹਾਡੇ ਨਾਲ ਨਾ ਰੁੱਸਾ ਤਾਂ ਹੋਰ ਕਿਸ ਨਾਲ ਰੁੱਸਾਂ ? ਤੁਸੀ ਤੇ ਮੇਰੇ ਪਾਪਾ ਦੋਸਤ ਹੋ। ਇਸ ਤਰ੍ਹਾਂ ਆਪਣਿਆਂ ਵਰਗਾ ਵਿਵਹਾਰ ਕਰਦੀ । ਜਦੋਂ ਕਿਤੇ ਉਸਦੇ ਰਿਸਤੇ ਦੀ ਗੱਲ ਚਲਦੀ ਤਾਂ ਉਹ ਸਭ ਤੋ ਪਹਿਲਾਂ ਮੈਨੂੰ ਫੋਨ ਕਰਦੀ । ਰਿਸਤੇ ਬਾਰੇ ਮੇਰੀ ਰਾਇ ਲੈਂਦੀ । ਤੇ ਹਰ ਪਹਿਲੂ ਤੇ ਵਿਚਾਰ ਕਰਦੀ। ਉਹ ਕਹਿੰਦੀ ਮੈਂ ਤੁਹਾਡੇ ਕੋਲੋਂ

ਬਹੁਤ ਕੁਝ ਸਿੱਖਿਆ ਹੈ। ਮੈਨੂੰ ਤੁਹਾਡੇ ਵਿੱਚ ਇਕ ਪਿਉ ਦਾ ਕੜਕ ਸੁਭਾਅ, ਮਾਂ ਦਾ ਪਿਆਰ ਤੇ ਦੋਸਤ ਦੇ ਵਿਸ਼ਵਾਸ਼ ਦਾ ਅਹਿਸਾਸ ਹੁੰਦਾ ਹੈ। ਫਿਰ ਉਸ ਦਾ ਰਿਸ਼ਤਾ ਇਕ ਚੰਗੇ ਘਰੇ ਇੱਕ ਸਾਊ ਤੇ ਪੜੇ ਲਿਖੇ ਨੋਜਵਾਨ ਨਾਲ ਹੋ ਗਿਆ । ਉਸਨੇ ਮੈਨੂੰ ਉਸ ਬਾਰੇ ਸਾਰਾ ਕੁਝ ਦੱਸਿੱਆ। ਤੇ ਉਸ ਨੋਜਵਾਨ ਨੂੰ ਵੀ ਮੇਰੇ ਬਾਰੇ ਪੂਰਾ ਦੱਸਿਆ । ਤੇ ਹੁਣ ਮੈ ਤੇ ਮੇਰੀ ਘਰਵਾਲੀ ਬੇਝਿੱਕ ਹੋ ਉਸ ਨਾਲ ਤੇ ਕਦੇ ਉਸਦੇ ਮੰਗੇਤਰ ਨਾਲ ਗੱਲ ਕਰ ਲੈਂਦੇ ਸੀ ।ਫਿਰ ਉਸ ਦੇ ਵਿਆਹ ਦਾ ਦਿਨ ਪੱਕਾ ਹੋ ਗਿਆ ਤੇ ਉਸਨੇ ਮੈਂਨੂੰ ਵਿਆਹ ਦਾ ਸੱਦਾ ਭੇਜਿਆ । ਸਬੰਧਾਂ ਨੂੰ ਹੋਰ ਪੱਕਾ ਕਰਨ ਲਈ ਉਸਨੇ ਆਪਣੇ ਬਾਪੂ ਕੋਲੇ ਤੇ ਬੇਬੇ ਕੋਲੋਂ ਸਾਨੂੰ ਫੋਨ ਕਰਵਾਇਆ ਤੇ ਅੱਜ ਅਸੀ ਉਸ ਕੁੜੀ ਦੇ ਵਿਆਹ ਤੇ ਆਏ ਸੀ ਜਿਸ ਨੂੰ ਅਸੀ ਕਦੇ ਵੇਖਿਆ ਨਹੀਂ ਸੀ। ਬਸ ਉਸਦਾ ਕਲਪਨਾਤਮਕ ਚੇਹਰਾ ਤੇ ਅਕਸ ਮੇਰੇ ਦਿਮਾਗ ਵਿੱਚ ਸੀ। ਉਸਦੇ ਜ਼ੋਰ ਪਾਉਣ ਤੇ ਅਸੀਂ ਦੋਹੇ ਜੀਅ ਉਸ ਦੇ ਵਿਆਹ ਵਿਚ ਇਕ ਪਾਪਾ ਦੋਸਤ ਦੇ ਫਰਜ਼ ਅਦਾ ਕਰਨ ਲਈ ਆਏ ਸੀ।

"ਤੁਸੀ ਹੀ ਸੇਠੀ ਸਾਹਿਬ ਹੋ ? ਤੁਹਾਨੂੰ ਅੰਦਰ ਬੁਲਾਇਆ ਹੈ?" ਅਚਾਨਕ ਇਕ 24-25 ਸਾਲ ਦੇ ਮੁੰਡੇ ਨੇ ਬਾਹਰ ਮੈਨੂੰ ਹਲੂਣਿਆ । ਗੁਰੂਦੁਆਰੇ ਦਾ ਹਾਲ ਖਾਲੀ ਹੋ ਚੁੱਕਿਆ ਸੀ । ਬਾਹਰ ਸਭ ਖਾਣ ਪੀਣ ਵਿੱਚ ਮਸਤ ਸਨ। ਤੇ ਸਾਨੂੰ ਇੱਕ ਕਮਰੇ ਵਿੱਚ ਲੈ ਜਾਇਆ ਗਿਆ। ਜਿਥੇ ਸੂਹੇ ਕਪੜਿਆਂ ਵਿੱਚ ਦੁਲਹਣ ਬਣੀ ਦੀਪ ਤੇ ਉਸ ਦਾ ਜੀਵਨ ਸਾਥੀ ਸਾਡਾ ਇੰਤਜਾਰ ਕਰ ਰਹੇ ਸੀ। ਉਹ ਉੱਠੀ ਤੇ ਉਸਨੇ ਮੈਨੂੰ ਘੁੱਟਕੇ ਜੱਫੀ ਪਾ ਲਈ । ਤੇ ਉਸ ਚੁਲਬੁਲੀ ਨਾਜੁਕ ਤੇ ਤਿਖੇ ਨੈਣ ਨਕਸ਼ਾ ਵਾਲੀ ਕੁੜੀ ਨੂੰ ਭੁੱਬਾਂ ਮਾਰਕੇ ਰੋਂਦੀ ਵੇਖ ਮੇਰੀਆਂ ਅੱਖਾਂ ਵਿੱਚੋ ਵੀ ਹੰਝੂ ਆ ਗਏ ਮੈ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ । ਉਸ ਨੂੰ ਚੁੱਪ ਕਰਾਇਆ । ਉਹ ਮੇਰੀ ਕਲਪਣਾ ਦੀ ਧੀ ਦੀਪ ਸੀ, ਮੇਰੀ ਕਲਪਣਾ ਨਾਲੋ ਵੀ ਸੁੰਦਰ ਦੀਪ ਸੀ। ਜ਼ੋ ਪਤਾ ਨਹੀਂ ਕਿੰਨੇ ਚਿਰਾਂ ਬਾਅਦ ਮੈਂਨੂੰ ਧੀ ਦੇ ਰੂਪ ਵਿੱਚ ਨਸੀਬ ਹੋਈ ਸੀ। ਫਿਰ ਉਹ ਘੁੱਟ ਕੇ ਆਪਣੀ ਆਂਟੀ ਨੂੰ ਮਿਲੀ ਤੇ ਉਸ ਦੇ ਜੀਵਨ ਸਾਥੀ ਨੋਜਵਾਨ ਨੇ ਉਠਕੇ ਮੇਰੇ ਪੈਰੀ ਹੱਥ ਲਾਏ ਤੇ ਆਸੀਰਵਾਦ ਲਿਆ ।

"ਬੇਟਾ ਮੇਰੀ ਧੀ ਮੈਨੂੰ ਅੱਜ ਹੀ ਮਿਲੀ ਹੈ। ਇਸ ਨੂੰ ਕਦੇ ਦੁੱਖ ਨਾ ਦੇਈ ਸਦਾ ਸੁਖੀ ਰੱਖੀਂ । ਬਸ ਮੈਂ ਜਿਆਦਾ ਕੁਝ ਨਹੀਂ ਕਹਿੰਦਾ ।" ਬਾਕੀ ਦੀਆਂ ਰਸਮਾਂ

ਪੂਰੀਆਂ ਹੋਣ ਤੋਂ ਬਾਅਦ ਅਸੀਂ ਡੋਲੀ ਤੋਰ ਦੇ ਵਾਪਿਸ ਘਰ ਨੂੰ ਚੱਲ ਪਏ । ਮੇਰਾ ਸਰੀਰ ਬੋਝਲ ਹੋਇਆ ਪਿਆ ਸੀ। ਪਰ ਇਕ ਪਾਸੇ ਉਹ ਸੁਰਖਰੂ ਜਿਹਾ ਵੀ ਲਗਦਾ ਸੀ । ਕਿਉਂਕਿ ਮੈਂ ਇਕ ਧੀ ਨੂੰ ਤੋਰ ਕੇ ਆਇਆ ਸੀ। ਪਰ ਪਤਾ ਨਹੀਂ ਕਿਉਂ ਉਸ ਦੇ ਅਸਲੀ ਘਰ ਦੇ ਭਵਿੱਖ ਨੂੰ ਲੈ ਕੇ ਮਨ ਚਿੰਤਿਤ ਵੀ ਸੀ ।

# ਮੈਂ ਭੂਆ ਬੋਲਦੀ ਹਾਂ।

“ਹੈਲੋ, ਕੋਣ ਬੋਲਦਾ ਹੈ?ਮੇਸ਼ਾ ਕਿ ਛਿੰਦਾ?”

“______”

“ਮੈਂ ਭੂਆ ਬੋਲਦੀ ਹਾਂ ਜੈਤੋ ਤੋਂ।ਪੁੱਤ ਕਈ ਦਿਨ ਹੋਗੇ ਫੂਨ ਮਿਲਾਉਂਦੀ ਨੂੰ। ਕਿਸੇ ਨੇ ਚੁਕਿਆ ਹੀ ਨਹੀ। ਅੱਜ ਹੀ ਪਿਲਸ਼ਨ ਮਿਲੀ ਸੀ । ਮੈ ਆਖਿਆ ਪਹਿਲਾ ਮੈ਼ ਪੇਕੇ ਗੱਲ ਕਰ ਲਵਾਂ। ਫੇਰ ਪੈਸੇ ਸਾਰੇ ਖਰਚੇ ਜਾਂਦੇ ਹਨ ਤੇ ਗੱਲ ਕਰਨ ਨੂੰ ਤਰਸਦੀ ਹਾਂ।ਨਾਲੇ ਭਾਂਮੇ ਜਿੰਨੇ ਮਰਜੀ ਪੈਸੇ ਲੱਗ ਜਾਣ ਖੁਲ੍ਹੀਆਂ ਗੱਲਾਂ ਕਰੂਗੀ। ਜੇ ਇੱਕ ਦਿਨ ਚਾਹ ਦੁੱਧ ਨਾ ਵੀ ਪੀਊਂਗੀ ਤਾਂ ਕੋਈ ਮੇਰੇ ਸਾਹ ਨਹੀ ਨਿਕਲਦੇ।ਮੈਨੂੰ ਸੋਡੇ ਨਾਲ ਗੱਲਾਂ ਕਰਨ ਦੀ ਸਿੱਕ ਜਿਹੀ ਰਹਿੰਦੀ ਹੈ। ਮੇਰਾ ਹੋਰ ਕੋਣ ਹੈ ਜਿਸ ਨਾਲ ਮੈ ਦਿਲ ਹੌਲਾ ਕਰ ਲਵਾਂ। ਪਹਿਲਾ ਤਾਂ ਬਾਈ ਹੰਦਾ ਸੀ ।ਅਸੀ ਆਪ ਹੀ ਦਸ ਦਸ ਦਿਨ ਪੇਕੇ ਲਾ ਜਾਂਦੀਆਂ ਸੀ। ਜੇ ਨਾ ਆਉਂਦੀਆਂ ਤਾਂ ਉਹ ਗੁੱਸੇ ਹੋ ਜਾਂਦਾ। ਭਾਬੀ ਹੀ ਭੇਜ਼ ਦਿੰਦੀ ਬਾਈ ਨੂੰ ਸਾਡਾ ਪਤਾ ਲੈਣ।ਬਥੇਰਾ ਕਰਦੀ ਸੀ ਭਾਬੀ ਵੀ ਸਾਡਾ।ਪਰ ਜਦੋ ਦਾ ਬਾਈ ਮੁਕਿਆ ਹੈ ਹੁਣ ਉਹ ਗੱਲ ਨਹੀ ਰਹੀ।ਹੁਣ ਤਾਂ ਉਹ ਵਿਚਾਰੀ ਆਪ ਹੀ ਬੇਵੱਸ ਹੈ।ਉਸਨੂੰ ਹੀ ਨਹੀ ਕੋਈ ਸੁਣਦਾ। ਤੇ ਸੋਡੇ ਕੋਲੇ ਤਾਂ ਸੁਖ ਨਾਲ ਟੈਮ ਨਹੀ ਕਿਸੇ ਦਾ ਦੁੱਖ ਸੁੱਖ ਸੁਨਣ ਦਾ। ਭਾਈ ਬਾਹਲੇ ਕੰਮ ਹੈ ਸੋਨੂੰ ਤਾਂ -------”

ਸੱਤਰ ਅੱਸੀ ਸਾਲਾ ਵਿਰਲੇ ਵਿਰਲੇ ਦੰਦਾ ਵਾਲੀ ਗੋਰੇ ਨਿਛੋਹ ਰੰਗ ਦੀ ਬਿਰਧ ਮਾਈ ਕਈ ਵਾਰੀ ਹੱਥ ਚ ਦੋ ਦਾ ਜਾ ਪੰਜ ਦਾ ਫਟਿਆ ਜਿਹਾ ਨੋਟ ਫੜ੍ਹੀ ਮੇਰੇ ਪੀ ਸੀ ਓ ਤੇ ਫੋਨ ਕਰਨ ਆਉਂਦੀ ਤੇ ਮੈਨੂੰ ਹੀ ਨੰਬਰ ਮਿਲਾਉਣ ਲਈ ਕਹਿੰਦੀ। ਬਠਿੰਡੇ ਮਿਲਾਦੇ ਕਾਕਾ ਦੋ ਦੂਏ ਸਿਫਰ ਸਾਤਾ ਤੀਆ ਸਾਤਾ ਖੋਰੇ ਨੋ ਹੈ ਪਿੱਛੇ । ਮੈਂ ਭੁੱਲ ਜਾਂਦੀ ਹਾਂ। ਮੇਰੇ ਬਾਈ ਨੇ ਆਪ ਲਿਖਕੇ ਦਿੱਤਾ ਸੀ ਫੂਨ ਨੰਬਰ ਅੱਠ ਸਾਲ ਹੋਗੇ ਕਾਗਜ ਤੇ ।ਹੁਣ ਤੇ ਕਾਗਜ ਵੀ ਪਾਟ ਗਿਆ। ਪੁੱਤ ਮੂਹਰੇ ਦੂਆ ਲਾ ਲਿਆ ਸੀ ਨਾ? ਮੈਨੂੰ ਉਹ ਅਕਸਰ ਪੁੱਛਦੀ । ਮੈਨੂੰ ਪਤਾ ਹੈ ਕਿ ਬਠਿੰਡੇ ਦੇ ਨੰਬਰ ਸੱਤ ਅੱਖਰਾਂ ਦੇ ਹਨ ਤੇ ਮੈ ਬਿਨਾ ਆਖੇ ਹੀ ਦੂਆ ਲਾ ਲੈਂਦਾ।ਘੰਟੀ ਜਾਂਦੀ ਪਰ ਕੋਈ ਫੋਨ ਨਾ ਚੁੱਕਦਾ ।ਮਾਈ ਦੇ ਦੱਸਣ ਮੁਤਾਬਿਕ ਸਾਰੇ ਡਿਊਟੀਆਂ ਤੇ ਚਲੇ ਜਾਂਦੇ ਹਨ। ਤੇ ਘਰੇ ਉਸਦੀ ਭਾਬੀ ਇੱਕਲੀ ਹੁੰਦੀ ਹੈ ਤੇ ਇੱਕਲੀ ਦਾ ਜਦੋ ਜੀ ਡੁਬਦਾ ਹੈ ਤੇ ਉਹ ਕੋਠੀ ਨੂੰ ਤਾਲਾ ਲਾਕੇ ਬਾਹਰ

ਗੇਟ ਮੂਹਰੇ ਬੈਠ ਜ਼ਾਂਦੀ ਹੈ ਮੰਜੀ ਤੇ ।ਇਸ ਲਈ ਦਿਨੇ ਕੋਈ ਫੋਨ ਨਹੀ ਚੁੱਕਦਾ।ਤੇ ਅੱਜ ਉਹ ਪੈਨਸ਼ਨ ਲੈ ਕੇ ਸਿੱਧੀ ਫੋਨ ਕਰਨ ਆ ਗਈ।ਤੇ ਹੁਣ ਉਸਦਾ ਫੋਨ ਵੀ ਝੱਟ ਮਿਲ ਗਿਆ।

" ਹੋਰ ਭਾਬੀ ਦਾ ਕੀ ਹਾਲ ਹੈ।ਠੀਕ ਰਹਿੰਦੀ ਹੈ? ਸੁਣਿਆ ਹੈ ਮੇਸ਼ੇ ਦਾ ਮੰਡਾ ਵੀ ਕੋਈ ਵੱਡਾ ਅਫਸਰ ਬਣ ਗਿਆ। ਖੋਣੀ ਕੋਣ ਦਸਦਾ ਸੀ ਪਰਸੋ ।ਤੇਰੀ ਵੀ ਤਰੱਕੀ ਹੋ ਗਈ। ਮੈ ਕਿਸੇ ਭੋਗ ਤੇ ਗਈ ਸੀ ਗੋਨੇ ਆਣੇ। ਮੈਨੂੰ ਸੀ ਚਲੋ ਕੋਈ ਨਾ ਕੋਈ ਤਾਂ ਮਿਲੂ ਪੇਕਿਆਂ ਦਾ । ਤੁਸੀ ਤਾਂ ਭਾਈ ਕੋਈ ਨਾ ਬਹੁੜਿਆ ਓਥੇ।ਸੋਡੇ ਕੋਲੇ ਵੇਹਲ ਕਿੱਥੇ? ਪਿੰਡੋ ਵੱਡੇ ਬਾਈ ਕੇ ਆਏ ਸੀ ਉਹ ਦੱਸਦੇ ਸੀ। ਨਾਲੇ ਸੇਮੇ ਦੇ ਮੰਡੇ ਦੇ ਵਿਆਹ ਬਾਰੇ। ਅਖੇ ਬਹੁਤਾ ਕੱਠ ਤਾਂ ਨਹੀ ਕੀਤਾ।ਇੱਕੋ ਬੱਸ ਹੀ ਗਈ ਸੀ। ਆਂਦੇ ਨਾ ਭੈਣ ਆਈ ਤੇ ਨਾ ਪ੍ਰਾਹੁਣਾਂ ਆਇਆ।ਜੁਆਕਾਂ ਨੇ ਤਾਂ ਆਉਣਾਂ ਕੀ ਸੀ। ਹਾਹੋ ਭਾਈ ਜਦੋ ਭੈਣ ਹੀ ਨਹੀ ਆਈ ਤਾਂ ਭੂਆਂ ਨੂੰ ਕੋਣ ਪੁਛਦਾ ਹੈ।ਅੱਜ ਕਲ੍ਹ ਤਾਂ ਭਾਈ ਬਸ ਸਾਰੇ ਆਪਣੇ ਜੁਆਕਾ ਦੇ ਮਗਰ ਹੀ ਲੱਗਦੇ ਹਨ। ਤੇ ਸਹੁਰੇ ਹੀ ਸਭ ਕੁਝ ਹੈ ।ਤੁਹਾਨੂੰ ਤੇ ਸਾਲੇ, ਸਾਲੀਆਂ ਤੇ ਸਾਲੇਹਾਰਾ ਹੀ ਦਿੱਸਦੀਆਂ ਹਨ। ਸੱਸ ਸਹੁਰਾ ਹੀ ਮੰਮੀ ਡੈਡੀ ਬਣੇ ਪਏ ਹਨ ਤੁਹਾਡੇ। ਘਰੇ ਮਾਂ ਦੀ ਕੋਈ ਸੁਧ ਨਹੀ ਲੈਦਾ। ਅਖੇ ਬੀਜੀ ਤਾਂ ਊਈ ਬੋਲੀ ਜ਼ਾਂਦੇ ਹਨ ਸਾਰਾ ਦਿਨ। ਬੀਜੀ ਨੂੰ ਤਾਂ ਬਸ ਆਪਣੀ ਧੀ ਹੀ ਦਿਸਦੀ ਹੈ । ਗਲਗਿਉ ਜੇ ਤੁਸੀ ਮਾਂ ਦੀ ਸੁੱਧ ਲਓ ਤਾਂ ਉਹ ਸਾਰਾ ਦਿਨ ਧੀ ਨੂੰ ਕਿਉ ਯਾਦ ਕਰੇ। ਨਾਲੇ ਧੀ ਨੂੰ ਤੁਸੀ ਦੋ ਪੁੜਾ ਵਿਚਾਲੇ ਫਸਾ ਰੱਖਿਆ ਹੈ।ਉਹ ਘਰੋਂ ਵੀ ਤੰਗ ਤੇ ਤੁਸੀ ਵੀ ਕੋਡੀਆਂ ਦੇ ਭਾਅ ਨਹੀ ਸਿਆਣਦੇ ਉਸ ਨੂੰ।ਤੇ ਸੋਹਰੇ ਘਰ ਵੀ ਕੱਖੋਂ ਹੋਲੀ ਕਰ ਰੱਖਿਆ ਹੈ ਵਿਚਾਰੀ ਨੂੰ।---"

ਮੈਂ ਵਾਰੀ ਵਾਰੀ ਸਾਹਮਣੇ ਲੱਗੇ ਮੀਟਰ ਵੱਲ ਝਾਤੀ ਮਾਰਦਾ ਹਾਂ।ਬੱਤੀ ਰੁਪਏ ਸੱਤਰ ਪੈਸੇ। ਫਿਰ ਮਾਈ ਨੇ ਪੈਸੇ ਦੇਣ ਲੱਗੀ ਨੇ ਚਿੜ ਚਿੜ ਕਰਨਾ ਹੈ।ਪਹਿਲਾਂ ਇਹ ਲੰਬੀ ਗੱਲ ਕਰਨ ਲੱਗੀਆਂ ਸੋਚਦੀਆਂ ਨਹੀ ਤੇ ਪੈਸੇ ਦੇਣ ਵੇਲੇ ਇਹਨਾ ਦੇ ਸਾਹ ਨਿਕਲਦੇ ਹਨ। ਪਰਸੋ ਵੀ ਇੱਕ ਮਾਈ ਜਿਉ ਲੱਗੀ ਧੀ ਨਾਲ ਗੱਲਾਂ ਮਾਰਨ ਉੱਘ ਪਤਾਲ ਦੀਆਂ। ਸਾਰੇ ਕਬੀਲੇ ਦੀਆਂ ਚੁਗਲੀਆਂ ਕਰੀ ਗਈ ਤੇ ਜਦੋ ਮੈ ਆਖਿਆ ਬਾਈ ਰੁਪਈਏ ਹੋਗੇ ਤਾਂ ਵੀਹ ਦਾ ਨੋਟ ਸੁੱਟ ਕੇ ਔਹ ਗਈ ਅਖੇ ਤੁਸੀ ਤਾਂ ਲੁੱਟ ਮਚਾ ਰੱਖੀ ਹੈ। ਇਹੀ ਸੋਚ ਕੇ ਮੈ

ਮਾਈ ਨੂੰ ਇਸ਼ਾਰਾ ਕੀਤਾ ਕਿ ਮਾਈ ਪੈਤੀ ਰੁਪਈਏ ਹੋ ਗਏ ਬਸ ਕਰ। ਕਹਿੰਦੀ ਮੈ ਪੇਕਿਆਂ ਨਾਲ ਗੱਲ ਕਰ ਰਹੀ ਹਾਂ ਤੂੰ ਪੈਸਿਆ ਦਾ ਫਿਕਰ ਨਾ ਕਰ ਤੇ ਆਹ ਚੱਕ ਸੋ ਦਾ ਨੋਟ ।ਬਾਕੀ ਗੱਲ ਇਹ ਵੀ ਸੀ ਕਿ ਮੇਰੀ ਮਾਈ ਦੀ ਵਾਰਤਾ ਵਿੱਚ ਦਿਲਚਸਪੀ ਸੀ। ਕਾਫੀ ਖਰੀਆਂ ਖਰੀਆਂ ਸੁਣਾ ਰਹੀ ਸੀ ਸਾਇਦ ਆਵਦੇ ਭਤੀਜੇ ਨੂੰ।

" ਨਾ ਸੋਨੂੰ ਸ਼ਰਮ ਨਾ ਆਈ ਤੁਸੀ ਪਹਿਲੇ ਮੁੰਡੇ ਦੇ ਵਿਆਹ ਤੇ ਵੀ ਧੀ ਨੂੰ ਟਾਲ ਦਿੱਤਾ। ਅਖੇ ਅਸੀ ਕੀ ਕਰੀਏ। ਪਰਾਹੁਣਾ ਹੀ ਕੱਬਾ ਹੈ ।ਉਹ ਆਇਆ ਹੀ ਨਹੀ। ਪਰ ਤੁਸੀ ਕਿਸੇ ਨੇ ਉਹਨੂੰ ਫੋਨ ਕੀਤਾ?। ਚੰਦਰਿਓ ਤੁਸੀ ਮਾਂ ਦਾ ਮੂੰਹ ਵੀ ਬੰਨ ਦਿੱਤਾ।ਅਖੇ ਖਬਰਦਾਰ ਜੇ ਤੂੰ ਫੂਨ ਕੀਤਾ ਤਾਂ। ਨਹੀ ਆਉਂਦੇ ਤਾਂ ਨਹੀ ਸਹੀ। ਜੇ ਉਹ ਨਹੀ ਆਉਂਦੇ ਤਾਂ ਉਹਨਾ ਦੇ ਕੌਣ ਜਾਊ।ਤੁਸੀ ਧੀ ਧਿਆਣੀ ਨਾਲ ਅੜੀਆਂ ਲਾ ਲਈਆਂ। ਸੋਨੂੰ ਰਤਾ ਵੀ ਸੰਗ ਨਹੀ ਆਈ ਓਥੇ ਨੱਚਦਿਆਂ ਨੂੰ । ਚਲੋ ਫਿਰ ਦੂਜੀ ਵਾਰੀ ਵੀ ਤੁਸੀ ਸਾਰੇ ਦੜ੍ਹ ਵੱਟ ਗਏ। ਤੇ ਸੇਮੇ ਦੇ ਮੰਡੇ ਦੇ ਵਿਆਹ ਤੇ ਵੀ ਧੀ ਨੂੰ ਟਾਲ ਦਿੱਤਾ। ਸੋਨੂੰ ਭੈਣ ਤੇ ਤਾਂ ਤਰਸ ਨਹੀ ਆਇਆ ਪਰ ਮਾਂ ਤੇ ਤਾਂ ਤਰਸ ਕਰ ਲੈਦੇ।ਦੋਹਤੇ ਦੋਹਤੀਆਂ ਨੂੰ ਨਾ ਵੇਖ ਕੇ ਉਸਦਾ ਕਿਵੇ ਕਾਲਜਾ ਬਾਹਰ ਨੂੰ ਆਉਂਦਾ ਹੋਊ। ਤੁਹਾਨੂੰ ਕਿਸੇ ਕੰਜਰ ਨੇ ਅਕਲ ਨਹੀ ਦਿੱਤੀ।ਤੁਸੀ ਚਾਰੇ ਟੋਰੇ ਛੱਡਕੇ ਬਰਾਤ ਚੜ੍ਹ ਗਏ। ਤੁਹਾਨੂੰ ਸਰੀਕੇ ਕਬੀਲੇ ਤੋ ਵੀ ਡਰ ਨਹੀ ਲੱਗਿਆ । ਤੁਸੀ ਸਾਰਿਆਂ ਨੇ ਮੂੰਹ ਮਿੱਟੀ ਮਲ ਲਈ। ਏਹੋ ਜਿਹੇ ਬੇਗੈਰਤ ਤੁਹਾਡੇ ਸਹੁਰੇ ਸੀ। ਜਿਹੜੇ ਤੁਹਾਡੇ ਨਾਲ ਤੁਰ ਪਏ। ਨਹੀ ਤਾਂ ਕਹਿੰਦੇ ਪਹਿਲਾ ਧੀ ਜਵਾਈ ਨੂੰ ਲਿਆਉ ਫਿਰ ਅਸੀ ਬਰਾਤ ਚੜ੍ਹਾਗੇ। ਪਰ ਉਹ ਕਿਉ ਬੋਲਦੇ ਹਨ। ਉਹਨਾ ਦੀਆਂ ਤਾਂ ਚੜ੍ਹ ਮੱਚੀਆਂ ਹੋਣਗੀਆਂ। ਤੇ ਤੁਸੀ ਵੀ ਉਹਨਾ ਦੀ ਹੀ ਪੂਛ ਪੂਛ ਕਰਦੇ ਰਹੇ। ----"

ਹੁਣ ਮਾਈ ਦਾ ਤਵਾ ਕਾਫੀ ਗਰਮ ਸੀ।ਤੇ ਧੰਨ ਉਸ ਬੰਦੇ ਦੇ ਜ਼ੋ ਫੋਨ ਸੁਣ ਰਿਹਾ ਸੀ । ਮਾਈ ਦੀਆਂ ਕਰਾਰੀਆਂ ਕਰਾਰੀਆਂ ਸੁਣ ਕੇ ਮੈਨੂੰ ਮਜਾ ਆ ਰਿਹਾ ਸੀ ।ਪਰ ਹੁਣ ਮੈਨੂੰ ਵੀ ਆਪਣੇ ਆਪ ਤੇ ਸ਼ਰਮ ਆ ਰਹੀ ਸੀ ਕਿਉਕਿ ਡੈਡੀ ਜੀ ਦੇ ਜਾਣ ਤੋਂ ਬਾਦ ਮੈ ਵੀ ਮੇਰੀ ਭੂਆ ਨੂੰ ਇੱਕ ਵੀ ਫੋਨ ਨਹੀ ਕੀਤਾ। ਮੰਮੀ ਨੇ ਕਿਹਾ ਵੀ। ਪਰ ਮੈ਼ ਹੀ ਘੇਸ਼ਲ ਵੱਟ ਗਿਆ। ਮੈ ਸੋਚਿਆ ਮਾਈ ਦੇ ਜਾਣ ਤੋ ਬਾਦ ਮੈ ਵੀ ਭੂਆ ਨੂੰ ਫੋਨ ਕਰਾਂਗਾ ਤੇ ਭੈਣ ਨੂੰ ਵੀ। ਭੈਣ ਨੂੰ

ਤਾਂ ਰੋਜ਼ ਹੀ ਕਰਿਆ ਕਰਾਂਗਾ। ਉਸ ਦਾ ਵਿਚਾਰੀ ਦਾ ਮੇਰੇ ਬਿਨਾ ਹੈ ਵੀ ਕੌਣ। ਮੈ ਹੀ ਇੱਕੋ ਇੱਕ ਭਰਾ ਹਾਂ ਤੇ ਮੈ ਹੀ ਉਸ ਦਾ ਪੇਕਾ ਹਾਂ।ਮੰਮੀ ਚਾਹੇ ਦੀਦੀ ਨਾਲ ਰੋਜ਼ ਗੱਲ ਕਰ ਲੈਂਦੇ ਹਨ। ਪਰ ਮੇਰਾ ਵੀ ਤਾਂ ਫਰਜ਼ ਬਣਦਾ ਹੈ । ਭੂਆ ਮੇਰੇ ਬਾਰੇ ਕੀ ਸੋਚਦੀ ਹੋਵੇਗੀ।ਸੱਚੀ ਕਈ ਵਾਰੀ ਕਿਸੇ ਵੱਲ ਵੇਖ ਕੇ ਹੀ ਅਕਲ ਆ ਜਾਂਦੀ ਹੈ। ਤੇ ਮੈਨੂੰ ਵੀ ਫੋਨ ਕਰਨ ਦੀ ਅੱਚਵੀ ਜਿਹੀ ਹੋਣ ਲੱਗੀ।

"ਨਾ ਜੇ ਦੋ ਭਰਾ ਜਾ ਕੇ ਭੈਣ ਭਣਵਈਏ ਨੂੰ ਮਨਾ ਲਿਆਉਂਦੇ ਤਾਂ ਸੋਡਾ ਕੀ ਘੱਸ ਜਾਂਦਾ। ਸੋਡੀ ਸ਼ਾਨ ਚ ਕੀ ਫਰਕ ਪੈ ਜਾਂਦਾ। । ਕਿਸੇ ਚਾਚੇ ਤਾਏ ਮਾਮੇ ਮਾਸੜ ਨੂੰ ਨਾਲ ਲੈ ਜਾਂਦੇ।ਸ਼ਰੀਕੇ ਵਾਲੇ ਵੀ ਤਾਂ ਤਮਾਸ਼ਾ ਦੇਖਦੇ ਹਨ। ਇਹੀ ਸਿੱਖਿਆ ਦਿੰਦੇ ਹੋ ਤੁਸੀ ਆਪਣੀ ਔਲਾਦ ਨੂੰ। ਅੱਜ ਤੁਸੀ ਭੈਣ ਭੂਆ ਨੂੰ ਨਹੀ ਪਹਿਚਾਣਦੇ। ਕਲ੍ਹ ਨੂੰ ਸੋਡੇ ਜੰਮੇ ਵੀ ਇਹੀ ਕੁਝ ਕਰਨਗੇ । ਇਹਨਾ ਨੇ ਤੁਹਾਡੀ ਧੀ ਦੀ ਬਾਤ ਨਹੀ ਪੁਛਣੀ।ਫੇਰ ਤੁਸੀ ਰੋਇਆ ਕਰੋ ਗੇ ਅੱਖਾਂ ਚ ਘਸੁੰਨ ਦੇਕੇ। ਨਾ ਗੱਲ ਸੁਣ ਜੇ ਸੰਤ ਰਾਮ ਜਿਉਂਦਾ ਹੰਦਾ ਤਾਂ ਕੀ ਉਹ ਧੀ ਨੂੰ ਰੁਸਣ ਦਿੰਦਾ।ਉਸਨੇ ਤਾਂ ਬਰਾਤ ਨਹੀ ਸੀ ਚੜ੍ਹਣਾ ਧੀ ਜਵਾਈ ਬਿਨਾ। ਉਸ ਤੋਂ ਤਾਂ ਕਦੇ ਸਾਡਾ ਮੂੰਹ ਨਹੀ ਸੀ ਢਿੱਲਾ ਦੇਖਿਆ ਗਿਆ।ਤੁਸੀ ਆਪ ਤਾਂ ਉਸ ਨੂੰ ਸੰਭਾਲਣਾ ਕੀ ਜਦੋ ਮਾਂ ਕੋਈ ਤਿਲ ਫੁੱਲ ਦੇਵੇ ਤਾਂ ਤੁਸੀ ਅੱਖਾ ਕੱਢਦੇ ਹੋ।ਜਦੋ ਭੈਣ ਦੀ ਸੱਸ ਬੀਮਾਰ ਸੀ ਤਾਂ ਨਾ ਹਸਪਤਾਲ ਚ ਰਾਤ ਕਟਵਾਈ ਤੇ ਨਾ ਮੀਰ ਤੋਂ ਕਿਸੇ ਨੂੰ ਨਹੀ ਦੱਸਿਆ ਤੇ ਨਾ ਹੀ ਕਿਸੇ ਸਰੀਕੇ ਵਾਲੇ ਨੂੰ ਨਾਲ ਲੈ ਕੇ ਗਏ। ਕਿਉਂਕਿ ਜੇ ਤੁਸੀ ਕਿਸੇ ਨੂੰ ਨਾਲ ਲੈ ਕੇ ਜਾਂਦੇ ਤਾ ਫਿਰ ਤੁਹਾਨੂੰ ਓਹਨਾ ਦੇ ਜੰਮਣੇ ਮਰਨੇ ਤੇ ਜਾਣਾ ਪਊ।ਤੇ ਤੁਸੀ ਹਮੇਸ਼ਾ ਹੀ ਕਿਸੇ ਦੇ ਜਾਣ ਤ੍ਹੋਂ ਪਾਸਾ ਵੱਟਦੇ ਰਹਿੰਦੇ ਹੋ।ਬਈ ਦੋ ਪੈਸੇ ਖਰਚ ਨਾ ਹੋ ਜਾਣ। ਸੱਚ ਹੀ ਕਿਹਾ ਹੈ ਕਿਸੇ ਨੇ ਪੇਕੇ ਹੰਦੇ ਮਾਵਾਂ ਨਾਲ । ਤੇ ਤੁਸੀ ਤਾਂ ਭਤੀਜੇ ਜ਼ੋ ਹੋਏ । ਭਤੀਜੇ ਤੀਜੇ ਹੀ ਹੰਦੇ ਹਨ। ਪੁੱਤ ਸਿਆਣੇ ਬਣ ਜ਼ੋ। ਅੜੀਆਂ ਛੱਡ ਦਿਉ। ਮਾਂ ਦੀਆਂ ਆਂਦਰਾਂ ਨਾ ਕਲਪਾਉ। ਮਾਂ ਜਨਮ ਦਾਤੀ ਹੁੰਦੀ ਹੈ ਤੇ ਮਾਂ ਨੂੰ ਕਲਪਾਉਣ ਵਾਲਾ ਕਦੇ ਸੁਖੀ ਨਹੀ ਰਹਿੰਦਾ।। ਸੋਡੇ ਮਾਂ ਦੇ ਪੈਰੀ ਹੱਥ ਲਾਏ ਤੇ ਹੱਥ ਜ਼ੋੜੇ ਤੇ ਜੀ ਜੀ ਕੀਤਾ ਕਿਸ ਕੰਮ ਦਾ ਜੇ ਤੁਸੀ ਮਾਂ ਨੂੰ ਜਿਉਂਦੇ ਜੀ ਦੁਖੀ ਕਰੀ ਗਏ ਤਾਂ।ਮਾਂ ਦੀ ਆਤਮਾ ਕਿਉ ਦੁਖਾਉਂਦੇ ਹੋ। ਪਿਉ ਦਾ ਸਰਾਧ ਕਰਨ ਦਾ ਵੀ ਕੀ ਫਲ ਮਿਲੂ ਤੁਹਾਨੂੰ ਜਦੋ ਤੁਸੀ ਉਸ ਦੀ

ਆਤਮਾ ਨੂੰ ਹੀ ਸਾਂਤੀ ਨਾ ਦਿੱਤੀ।ਚੰਗਾ ਪੁੱਤ ਜਿਉਦੇ ਵੱਸਦੇ ਰਹੋ। ਮੇਰਾ ਤਾਂ ਫਰਜ ਸੀ।" ਤੇ ਮਾਈ ਨੇ ਫੋਨ ਕੱਟ ਦਿੱਤਾ।

ਹੱਸਦੀ ਹੱਸਦੀ ਤਿਰਵੰਜਾ ਰੁਪਈਏ ਦੇ ਕੇ ਮਾਈ ਚਲੀ ਗਈ । ਮਾਈ ਦੇ ਚੇਹਰੇ ਤੇ ਪੂਰਾ ਸਕੂਨ ਸੀ । ਮਨ ਹੌਲਾ ਸੀ। ਲੱਗਦਾ ਸੀ ਮਾਈ ਦੇ ਮਨ ਨੂੰ ਤਸੱਲੀ ਸੀ।ਪਰ ਮੇਰੇ ਮਨ ਨੂੰ ਬੇਚੈਨ ਕਰ ਗਈ। ਮੇਰੀ ਭੂਆ ਵੀ ਏਦਾ ਹੀ ਤੜਫਦੀ ਹੋਵੇਗੀ ਪੇਕਿਆ ਦੇ ਫੋਨ ਨੂੰ।ਮੇਰੇ ਡੈਡੀ ਜੀ ਦੀ ਆਤਮਾਂ ਨੂੰ ਕਿੰਨਾ ਦੁੱਖ ਹੁੰਦਾ ਹੋਵੇਗਾ ਤੇ ਮੈ ਝੱਟ ਮੇਰੀ ਭੂਆ ਦਾ ਨੰਬਰ ਮਿਲਾਉਣ ਲੱਗਦਾ ਹਾਂ।

## ਬੈਠੀ ਬੇਬੇ ਝੁਰਦੀ

ਵੇਖ ਖਾਂ ਕਿਵੇ ਲੱਗਿਆ ਪਿਆ ਹੈ ਸਵੇਰ ਦਾ ਪੂਛ ਪੂਛ ਕਰਨ। ਦੋ ਵਾਰੀ ਤਾਂ ਸਵੇਰ ਦੀ ਚਾਹ ਬਣਾਕੇ ਦੇ ਗਿਆ ਮੇਮ ਸਾਬ ਨੂੰ। ਆਪਣੇ ਵੱਡੇ ਮੁੰਡੇ ਆਪਣੀ ਨੂੰਹ ਦੀ ਸੇਵਾ ਕਰਦੇ ਵੇਖ ਉਹ ਆਪਣੇ ਮਨ ਵਿੱਚ ਹੀ ਕੁੜ ਕੁੜ ਕਰੀ ਜਾਂਦੀ ਸੀ। ਹੋਰ ਉਹ ਹੁਣ ਉਹ ਕਿਸਨੂੰ ਆਖ ਸੁਣਾਵੇ। ਜਦੋ ਦੇ ਇਹਨਾ ਦੇ ਪਿਤਾ ਜੀ ਗਏ ਹਨ। ਉਹ ਤਾਂ ਜਵਾਂ ਇਕੱਲੀ ਰਹਿ ਗਈ ਹੈ। ਕਿਸ ਕੋਲ ਆਪਣਾ ਦੁੱਖ ਸਾਂਝਾ ਕਰੇ। ਇਹ ਤਾਂ ਤਿੰਨੇ ਚਾਰੇ ਇੱਕੋ ਜਿਹੇ ਹੀ ਹਨ, ਜ਼ਨਾਨੀਆਂ ਦੇ ਸਕੇ।ਹਾਂ ਪਹਿਲਾਂ ਤਾਂ ਉਹ ਧੀ ਕੋਲੇ ਗੁਭਗੁਭਾਟ ਕੱਢ ਲੈਂਦੀ ਸੀ । ਉਹ ਆਉਂਦੀ ਤਾਂ ਮਾਂਵਾਂ ਧੀਆਂ ਮਨ ਹੋਲਾ ਕਰ ਲੈਂਦੀਆਂ। ਪਰ ਜਵਾਈ ਜਵਾਂ ਹੀ ਚੱਜ ਦਾ ਨਾ ਨਿੱਕਲਿਆ। ਹਰ ਗੱਲ ਤੇ ਝੱਜੂ ਪਾ ਲੈਂਦਾ। ਕੋਈ ਵਿਆਹ ਸੁੱਕਾ ਨਾ ਜਾਣ ਦਿੰਦਾ।ਨਿੱਤ ਕਲੇਸ਼ ਵਿੱਢੀ ਰੱਖਦਾ। ਇਹ ਉਸ ਨਾਲ ਰੁੱਖ ਨਾ ਰਲਾਉਂਦੇ ਤੇ ਇਹਨਾਂ ਭਰਾਵਾਂ ਦੀਆਂ ਗਲਤੀਆਂ ਮੱਚਦੀ ਤੇ ਤੇਲ ਦਾ ਕੰਮ ਕਰਦੀਆਂ। ਕੋਈ ਨਾ ਨਾ ਬਦਖੋਹੀ ਕਰਦੇ ਹੀ ਰਹਿੰਦੇ।ਹੋਲੀ ਹੋਲੀ ਜਵਾਈ ਦੇ ਨਾਲ ਨਾਲ ਧੀ ਵੀ ਦੂਰ ਹੋਗੀ ਤੇ ਉੱਤੋ ਇਹ ਵੀ ਚੰਦ ਨਿਕਲੇ । ਇਹਨਾ ਨੇ ਧੀ ਜਵਾਈ ਦਾ ਵਰਕਾ ਹੀ ਫਾੜ ਦਿੱਤਾ।ਤੇ ਇਹ ਤਿੰਨੇ ਚਾਰੇ ਇਕੱਠੇ ਹੋਗੇ।

ਤੀਏ ਦਿਨ ਇਹ ਮੰਜਾ ਮੱਲ ਕੇ ਪੈ ਜਾਂਦੀ ਹੈ ਅਖੇ ਜੁਕਾਮ ਹੈ ।ਨਜ਼ਲਾ ਹੈ।ਅੱਜ ਸਿਰ ਦਰਦ ਹੈ ਅੱਜ ਬਲੱਡ ਵਧਿਆ ਹੈ। ਕਦੇ ਅੰਦਰੋ ਹੀ ਨਹੀ ਉਠਦੀ ਤੇ ਕਦੇ ਧੁੱਪੇ ਚਾਦਰ ਲੈ ਕੇ ਪੈ ਜਾਂਦੀ ਹੈ। ਕੰਮਕਾਰ ਦਾ ਕੋਈ ਫਿਕਰ ਨਹੀ ਇਸਨੂੰ । ਇਹ ਜੋ ਹੈਗਾ ਹੈ ਜਨਾਨੀਆਂ ਵਰਗਾ ਉਸਦੀ ਸੇਵਾ ਕਰਨ ਨੂੰ । ਕਦੇ ਚਾਹ ਬਣਾਤੀ ਕਦੇ ਕਪੜੇ ਸੁਕਣੇ ਪਾਤੇ ਤੇ ਕਦੇ ਕਣਕ ਧੋਣ ਬੈਠ ਜੂ। ਰੋਟੀ ਸਬਜੀ ਕਰਦੇ ਨੂੰ ਵੀ ਕੋਈ ਸੰਗ ਨਹੀ। ਨਹੀ ਤਾਂ ਬੀਜੀ ਹੈਗੀ ਨਾ। ਆਪੇ ਕਰੂਗੀ ਡਿਗਦੀ ਢੈਂਦੀ। ਰੋਟੀ ਟੁਕ ਤਾਂ ਕਰਨਾ ਹੀ ਹੋਇਆ।ਬੀਜੀ ਕਿਸਨੂੰ ਆਖੇ ਪੁੱਤ ਮੈਥੋਂ ਹੁੰਦਾ ਨਹੀ। ਮੇਰਾ ਸਰੀਰ ਤਾਂ ਮੈਥੋ ਸੰਭਦਾ ਨਹੀ। ਕੁਝ ਖਾ ਲਈ ਲੋਕਾਂ ਤੇ ਕੁਝ ਖਾ ਲਈ ਜੋਕਾਂ ਵਾਲੀ ਗੱਲ ਹੈ। ਇੱਕ ਬੁਢਾਪਾ ਤੇ ਉੱਤੋ ਚੰਦਰੀਆਂ ਬੀਮਾਰੀਆਂ ਤੇ ਬਾਕੀ ਆਹ ਸੰਸੇ ਕਬੀਲਦਾਰੀ ਦੇ । ਸਿਆਣੇ ਕਹਿੰਦੇ ਜਿਸਦੀ

ਧੀ ਦੁਖੀ ਉਸ ਦਾ ਸੰਸਾਰ ਦੁਖੀ।ਚੱਲ ਮਨਾ ਜਿੰਨਾ ਚਿਰ ਹੱਡ ਗੋਡੇ ਰੁੜਦੇ ਹਨ ਕਰ ਲੈ ਧੰਦਾ।

ਲੈ ਪੁਛਣ ਆਲਾ ਹੋਵੇ ਕਿੰਦੀ ਧੀ ਨਹੀ ਆਉਂਦੀ ਮਿਲਣ, ਮੇਰੀ ਕੋਈ ਨਿਆਰੀ ਆਉਂਦੀ ਹੈ ਮਿਲਣ। ਕੋਈ ਵਾਰ ਤਿਉਹਾਰ ਨੂੰ ਤੇ ਕੋਈ ਮਹੀਨੇ ਵੀਹੀ ਆਉਂਦੀ ਹੀ ਹੈ। ਆਪ ਵੀ ਤਾਂ ਇਹ ਦਿਨ ਚ ਚਾਰ ਚਾਰ ਵਾਰੀ ਗੱਲ ਕਰਦੇ ਹਨ ਧੀ ਨਾਲ । ਕਦੇ ਫੂਨ ਤੇ ਕਦੇ ਮੂਬੈਲ ਤੇ। ਖਾਧਾ ਪੀਤਾ ਸਭ ਪੁੱਛਦੇ ਹਨ। ਕਈ ਵਾਰੀ ਤਾਂ ਘੰਟਾ ਘੰਟਾ ਲੱਗੇ ਰਹਿੰਦੇ ਹਨ ਦੋਨੇ ਜੀਅ। ਤੇ ਮੇਰੇ ਵਾਰੀ ਪਤਾ ਨਹੀ ਕਿਉ ਇਹਨਾ ਦੇ ਢਿੱਡ ਪੀੜ ਪੈ ਜਾਂਦੀ ਹੈ।ਬੀਜੀ ਤੁਸੀ ਘਰ ਦੀਆਂ ਗੱਲਾਂ ਧੀ ਕੋਲੇ ਕਰਦੇ ਹੋ। ਡੱਕਾ ਡੱਕਾ ਗੱਲ ਉਥੇ ਪੰਹੁਚਦੀ ਹੈ। ਤੁਸੀ ਫੋਨ ਨਾ ਕਰਿਆ ਕਰੋ। ਮੈ ਅੱਕੀ ਨੇ ਫੋਨ ਕਟਵਾ ਦੇਣਾ ਹੈ। ਤੁਹਾਡੀਆਂ ਗੱਲਾਂ ਨਾਲ ਕਲੇਸ਼ ਵੱਧਦਾ ਹੈ।ਇੱਕ ਦਿਨ ਅ ਇਹ ਗੁੱਸੇ ਚ ਆਈ ਬੀਜੀ ਨੂੰ ਕਹਿੰਦੀ। ਬੰਦਾ ਪੁੱਛੇ ਤੁਸੀ ਕੀ ਬਲੈਕ ਕਰਦੇ ਹੋ ਜੋ ਮੈ ਤੁਹਾਡੀ ਸੀ ਆਈ ਡੀ ਦਿੰਦੀ ਹਾਂ। ਪਹਿਲੀ ਗੱਲ ਤਾਂ ਜਵਾਈ ਹੀ ਮਾੜਾ ਹੈ ਉਹ ਨਾ ਫਾਲਤੂ ਗੱਲ ਕਰਨ ਦੇਵੇ ਨਾ ਬਾਹਲਾ ਆਉਣ ਦੇਵੇ ਕੁੜੀ ਨੂੰ । ਚੋਰੀਉ ਚਪਾਰੀਓ ਫੋਨ ਕਰਦੀ ਹੈ ਕੁੜੀ। ਫਿਰ ਇਹ ਬਬੇਲਾ ਖੜਾ ਕਰ ਲੈਂਦੇ ਹਨ। ਮੈ ਕਿਹੜੇ ਖੂਹ ਖਾਤੇ ਚ ਜਾਵਾਂ।ਇੱਕ ਦਿਨ ਦੀ ਗੱਲ ਹੋਵੇ ਤਾਂ ਮੈ ਚੁੱਪ ਵੀ ਕਰਜਾ। ਜਦੋ ਫੋਨ ਆਉਂਦਾ ਹੈ ਤਾਂ ਦੋਨੇ ਜੀਅ ਕੰਨ ਚੁੱਕ ਲੈਂਦੇ ਹਨ। ਬਿੜਕਾਂ ਲ਼ੈਂਦੇ ਹਨ। ਬੀਜੀ ਕੀ ਗੱਲਾਂ ਕਰਦੀ ਹੈ। ਆਨੀ ਬਹਾਨੀ ਮੇਰੇ ਕਮਰੇ ਚ ਗੇੜੇ ਮਾਰਦੇ ਹਨ। ਮੈਨੂੰ ਕੋਈ ਚੋਰੀ ਹੈ। ਨਾ ਮੈ ਕੋਈ ਜੁਰਮ ਕਰਦੀ ਹਾਂ। ਚਲੋ ਉਹ ਜਾਣੇ । ਇਹਨਾ ਨੇ ਜਿਹੜੀ ਅੱਤ ਚੁੱਕੀ ਹੈ। ਕੋਈ ਨਾ, ਰੱਬ ਸੁਮੱਤ ਬਖਸ਼ੂ ਕਦੇ ਨਾ ਕਦੇ।ਮੈਨੂੰ ਤਾਂ ਉਂਜ ਹੀ ਸਾਹ ਨਹੀ ਆਉਦਾ ਦਿਲ ਸਾਰਾ ਦਿਨ ਪੱਖੀ ਤਰਾਂ ਧੜਕਦਾ ਰਹਿੰਦਾ ਹੈ। ਕਦੇ ਕਦੇ ਸਾਹ ਉਖੜ ਜਾਂਦਾ ਹੈ। ਹੋਕਣੀ ਲੱਗ ਜਾਂਦੀ ਹੈ । ਕਦੇ ਸੂਗਰ ਨਾਲ ਦਿਲ ਘੱਟਣ ਲੱਗ ਜਾਂਦਾ ਹੈ ਤੇ ਡੋਬੂ ਪੈਣ ਲੱਗ ਜਾਂਦੇ ਹਨ। ਤੇ ਥੋਨੂੰ ਲੱਗਦਾ ਹੈ ਬੀਜੀ ਸੀ ਆਈ ਡੀਆਂ ਦਿੰਦੀ ਹੈ।

ਇਹਦਾ ਕਦੇ ਦਿਲ ਕੀਤਾ ਕਦੇ ਧੀ ਕੋਲੇ ਤੇ ਕਦੇ ਨੂੰਹ ਪੁੱਤ ਕੋਲੇ ਚੱਲੀ ਜਾਂਦੀ ਹੈ।ਅਖੇ ਮੇਰਾ ਚਿੱਤ ਓਦਰਿਆ ਪਿਆ ਹੈ, ਤੇ ਪੰਦਰਾਂ ਪੰਦਰਾਂ ਦਿਨ ਨਹੀ ਮੁੜਦੀ ਫਿਰ ਇਹ। ਜਦੋ ਦੀ ਰਿਟਾਇਰ ਹੋਈ ਹੈ ਇਹਨੂੰ ਧੀ ਪੁੱਤਾਂ ਨਾਲ ਜਿਆਦਾ ਹੀ ਵੈਰਾਗ ਜਾਗ ਪਿਆ ਹੈ। ਉਥੇ ਜਾਕੇ ਇਹ ਫਿਰ ਘਰ ਨੂੰ ਭੁੱਲ ਜਾਂਦੀ

ਹੈ। । ਘਰ ਦਾ ਕੀ ਫਿਕਰ ਹੈ। ਹੈਗੀ ਨਾ ਬੀਜੀ ਸਿਰ ਖਪਾਉਣ ਨੂੰ। ਤੇ ਇਹ ਆਪ ਵੀ ਚੱਕਿਆ ਸ਼ੈਕਲ ਤੇ ਬਜਾਰ ਤੁਰ ਜਾਂਦਾ ਹੈ ਜਦੋ ਜਨਾਨੀ ਘਰੇ ਨਹੀ ਤਾਂ ਚੱਲ ਬਾਹਰ । ਘਰ ਦਾ ਕਿਸੇ ਨੂੰ ਕੀ ਫਿਕਰ । ਬੀਜੀ ਕੱਲੀ ਬੈਠੀ ਹੋਊ ਤਾਂ ਇਹਨੂੰ ਕੀ।ਸਵੇਰ ਦੇ ਨਾਲ ਰੋਟੀ ਖਾਕੇ ਨਿੱਕਲ ਗਿਆ। ਬੀਜੀ ਚੋਕੀਦਾਰਾ ਵੀ ਕਰੇ ਸਾਰਾ ਦਿਨ ।ਪਤਾ ਨਹੀ ਕਿਉ ਸ਼ਰਮ ਲਾਹ ਰੱਖੀ ਹੈ। ਹਾਂ ਬੱਸ ਜਦੋ ਜਰੂਰਤ ਹੋਈ ਦਵਾਈ ਲਿਆ ਦਿੱਤੀ । ਜਦੋ ਵਹਿਲਾ ਹੋਇਆ ਕੋਈ ਔੜ ਪੌੜ ਕਰ ਗਿਆ ।ਫਿਰ ਤੂੰ ਕੋਣ ਤੇ ਮੈ ਕੋਣ। ਮੇਰੇ ਧੀ ਜਵਾਈ ਦੀ ਗੱਲ ਤੇ ਤਾਂ ਬੀਜੀ ਦੇ ਜੁੰਡੇ ਪੁੱਟਣ ਨੂੰ ਸਾਰੇ ਹੀ ਤਿਆਰ ਰਹਿੰਦੇ ਹਨ। ਪਰ ਇਹਨੂੰ ਕੱਲੇ ਨੂੰ ਕੀ ਦੋਸ਼ ਦੇਵਾਂ ਮੈਂ। ਕੋਈ ਵੀ ਘੱਟ ਨਹੀ ਤਿੰਨਾ ਚਾਰਾਂ ਚੋ । ਛੋਟਾ ਕਿਹੜਾ ਬਾਤ ਪੁੱਛਦਾ ਹੈ। ਉਹ ਵੀ ਤਾਂ ਏਸੇ ਦਾ ਹੀ ਭਰਾ ਹੈ। ਤੇ ਦੋਵੇ ਭੈਣਾਂ ਦੀ ਵੀ ਰਮਜ ਮਿਲਦੀ ਹੈ। ਜਦੋ ਕੋਈ ਗੱਲ ਕਰਲੋ ਗੋਲੀ ਤਰਾਂ ਆਉਦਾ ਹੈ ਖਾਣ ਨੂੰ ਛੋਟਾ ਤਾਂ ।ਵੱਡੇ ਦਾ ਸਿਖਾਇਆ। ਸੁਭਾਇਕੀ ਗੱਲ ਕਰੋ ਤਾਂ ਇੱਕ ਦੀਆਂ ਵੀਹ ਸੁਣਾਉਦਾ ਹੈ। ਸਾਨੂੰ ਆਹ ਆਖਿਆ ਜਵਾਈ ਨੇ , ਸਾਨੂੰ ਔਹ ਆਖਿਆ। ਆਹ ਨਹੀ ਕੀਤਾ ਉਹ ਨਹੀ ਕੀਤਾ। ਅਖੇ ਤੇਰੀ ਧੀ ਵੀ ਘੱਟ ਨਹੀ।ਜਨਾਨੀਆਂ ਵਾਂਗੂ ਮੇਹਣੇ ਦੇਊ। ਸਾਡੀ ਵੀ ਕੋਈ ਇੱਜਤ ਹੈ। ਰਹਿ ਰੱਬ ਦਾ ਨਾ।ਬੋਲਣ ਲੱਗਿਆ ਭੋਰਾ ਨਹੀ ਸੋਚਦਾ। ਵਾਖਰੂ ਵਾਖਰੂ। ਆਪਾਂ ਤਾਂ ਫਿਰ ਕੁਸ਼ ਨਹੀ ਕਹਿੰਦੇ ਉਸ ਨੂੰ । ਨਿਰੀ ਅੱਗ ਦੀ ਨਾਲ ਹੈ ਛੋਟਾ।

ਹੁਣ ਧੀ ਨੇ ਤਾਂ ਮੇਰੇ ਚੁਲ੍ਹੇ ਤੇ ਹੀ ਆਉਣਾ ਹੋਇਆ।ਹੁਣ ਤਾਂ ਮੇਰਾ ਵੀ ਕਾਹਦਾ ਚੁਲ੍ਹਾ ਹੈ।ਮੁਥਾਜ ਤੇ ਵਿਧਵਾ ਦਾ। ਜੇ ਕਦੇ ਮਹੀਨੇ ਵੀਂਹੀਂ ਧੀ ਆ ਵੀ ਜਾਵੇ ਤਾਂ ਇਹਨਾ ਦੇ ਪਿੱਸੂ ਪੈ ਜਾਂਦੇ ਹਨ। ਇਹ ਸਾਹਿਬਾਂ ਤਾਂ ਫਿਰ ਮੰਜੇ ਤੋਂ ਹੀ ਨਹੀ ਉਠਦੀ। ਕਿਤੇ ਚਾਹ ਦੀ ਘੁੱਟ ਨਾ ਬਨਾਉਣੀ ਪੈਜੇ । ਫਿਰ ਇਹ ਵੱਡਾ ਆਪ ਹੀ ਬਨਾਊ ਚਾਹ ਸੜਿਆ ਮੱਚਿਆਂ। ਉਤੋ ਹੀਂ ਹੀਂ ਕਰਕੇ ਦੰਦ ਕੱਢੂ ਲੋਕ ਦਿਖਾਵਾ ਕਰਨ ਲਈ।ਪਰ ਇਹਦੇ ਅੰਦਰ ਵੜਕੇ ਨਹੀ ਕੋਈ ਵੇਖਦਾ।ਕਿਉਂ ਆਗੀ ਇਹ ਸਾਡੇ ਘਰ। ਅੱਬਲੀ ਤਾਂ ਇਹ ਉਠਕੇ ਹੀ ਨਹੀ ਜਾਂਦਾ ਕਿਤੇ। ਜੇ ਜਾਊ ਵੀ ਤਾਂ ਫਿਰ ਇਹ ਰਹੂ ਨੇੜੇ ਨੇੜੇ ਹੀ ਕੰਸੋਅ ਲੈਣ ਦਾ ਮਾਰਾ। ਕੰਨ ਸਾਡੀਆਂ ਗੱਲਾਂ ਚ। ਕਿਤੇ ਅਸੀ ਕੋਈ ਗੱਲ ਨਾ ਕਰ ਲਈਏ। ਫਿਰ ਆਨੀ ਬਹਾਨੀ ਇਹ ਜਿਹੜੀ ਕੁੱਤੇਖਾਣੀ ਕਰਦੇ ਹਨ ਮੇਰੀ ਧੀ ਨਾਲ ਤਿੰਨੇ ਚਾਰੇ । ਓਹ

ਮੇਰਿਆ ਮਾਲਿਕਾ। ਨਾ ਵੱਡਾ ਨਾ ਛੋਟਾ ਤੇ ਨਾ ਵਿਚਾਲੜਾ ਫਿਰ ਖੂਬ ਜਿਦਾ ਜਿਦਾਈ ਕਰਦੇ ਹਨ। ਤੱਤੀਆਂ ਠੰਡੀਆਂ ਸੁਣਾਉਦੇ ਹਨ ਭੈਣ ਨੂੰ । ਤੇ ਇਹ ਮਹਾਰਾਣੀ ਅੰਦਰੋ ਖੁਸ਼ ਹੁੰਦੀ ਹੈ। ਕਦੇ ਨਹੀ ਕਹਿੰਦੀ ਜੀ ਤੁਸੀ ਐਂ ਕਿਉ ਬੋਲਦੇ ਹੋ ਦੀਦੀ ਨੂੰ। ਆਖੇ ਕਿਵੇ ? ਸਾਰੀ ਪੁਆੜੇ ਦੀ ਜੜ੍ਹ ਤਾਂ ਇਹੀ ਹੈ। ਫਿਰ ਮੈ ਸੋਚਦੀ ਹਾਂ ਕਾਹਨੂੰ ਬੁਲਾਉਣਾ ਸੀ ਮੈ ਧੀ ਨੂੰ ਇੱਥੇ। ਉਹ ਗੱਲਗੀ ਘਰੇ ਵੀ ਦੁਖੀ ਤੇ ਇੱਥੇ ਇਹ ਦੁਖੀ ਕਰਦੇ ਹਨ। ਉਹ ਤਾਂ ਮੇਰਾ ਪਤਾ ਲੈਣ ਆਉਦੀ ਹੈ। ਉਸਨੇ ਤਾਂ ਅੱਕੀ ਨੇ ਕਹਿ ਵੀ ਦਿੱਤਾ ਸੀ। ਮੈ ਤਾਂ ਮੂਲ ਨਹੀ ਆਉਦੀ ਤੁਹਾਡੇ ਕੋਲੇ। ਮੈ ਮੇਰੀ ਮਾਂ ਨੂੰ ਮਿਲਣ ਆਉਂਦੀ ਹਾਂ। ਫਿਰ ਇਹਨਾ ਦੇ ਮੂੰਹ ਦੇਖਣ ਵਾਲੇ ਸਨ ਓਦਣ।

ਮੈ ਵੀ ਤਾਂ ਏਸੇ ਦੇ ਹੀ ਦੱਦ ਲੱਗੀ ਹਾਂ । ਕੋਈ ਹੋਰ ਝੱਲਦਾ ਵੀ ਨਹੀ ਮੈਨੂੰ। ਕਦੇ ਨਹੀ ਆਖਿਆ ਛੋਟੇ ਨੇ ਬੀਜੀ ਚਾਰ ਦਿਨ ਮੇਰੇ ਕੋਲ ਆਜਾਉ।ਜਾ ਵਿਚਾਲੜਾ ਹੀ ਆਖੇ ਬੀਜੀ ਇਧਰ ਆ ਜੋ। ਤਾਂਕਿ ਮੇਰਾ ਵੀ ਪਾਸਾ ਥੱਲਿਆ ਜਾਵੇ। ਪਰ ਕੋਣ ਆਖੇ।ਕੋਣ ਮੁਸੀਬਤ ਮੁੱਲ ਲਵੇ। ਤਾਂਈਓ ਤਾਂ ਇਹ ਦੋਨੋ ਵੱਡੇ ਦਾ ਪੱਖ ਲੈਂਦੇ ਹਨ ਕਿ ਕਿਤੇ ਬੀਜੀ ਆਲੀ ਬਿਪਤਾ ਸਾਡੇ ਗੱਲ ਨਾ ਪੈ ਜਾਵੇ।ਇਹਨਾਂ ਦੀ ਅਜਾਦੀ ਖੁੱਸ ਜੇ। ਹੁਣ ਤਾਂ ਹਾਲਾਤ ਹੀ ਇੰਨੇ ਦੁੱਬਰ ਹੋ ਗਏ ਹਨ ਕਿ ਮੈ ਧੀ ਕੋਲੇ ਵੀ ਨਹੀ ਜਾ ਸਕਦੀ। ਅੱਗੋ ਜਵਾਈ ਵੀ ਸੋ ਨੱਕ ਬੁਲ੍ਹ ਚਿੜਾਉਂਦਾ ਹੈ।ਉਹ ਵੀ ਇੱਕੀ ਦੀ ਕੱਤੀ ਪਾਉਂਦਾ ਹੈ। ਨਾਲੇ ਮੈ ਕੋਈ ਚੰਗੀ ਲੱਗਦੀ ਹਾਂ ਧੀ ਦੇ ਚੁਲ੍ਹੇ ਤੇ ਬੈਠੀ।

ਘਰ ਦਾ ਕੰਮ ਤਾਂ ਸਾਰੇ ਹੀ ਕਰਦੇ ਸਨ। ਇਹਨਾ ਦੇ ਪਿਤਾ ਜੀ ਵੀ ਜਦੋ ਮੈ ਬਾਹਲੀ ਬੀਮਾਰ ਸੁਮਾਰ ਹੁੰਦੀ ਤਾਂ ਜੁਆਕਾਂ ਨੂੰ ਚਾਹ ਬਣਾ ਦਿੰਦੇ । ਸਵੇਰੇ ਜਲਦੀ ਉਠਾ ਕੇ ਪੜ੍ਹਣ ਜੋ ਬਹਾਉਣਾ ਹੁੰਦਾ ਸੀ । ਪਰ ਇਹਨਾ ਨੇ ਤਾਂ ਜਵਾਂ ਹੀ ਹੱਦ ਲਾਹ ਰੱਖੀ ਹੈ।ਬਰਾਬਰ ਜਾਕੇ ਰਸੋਈ ਚ ਕੰਮ ਕਰਦੇ ਹਨ। ਫਿਰ ਮੂੰਹ ਅੱਡ ਅੱਡ ਕੇ ਵਿੱਡਿਆਈਆਂ ਕਰਨਗੇ।ਮਾਂ ਤਾਂ ਕੱਲੀ ਰੀਹਗੀ ਨਾ। ਮੇਰੇ ਨਾਲ ਤੇ ਓਹੀ ਗੱਲ ਹੋ ਗਈ। ਧੀ ਨੂੰ ਲੈ ਗਿਆ ਜਵਾਈ ਤੇ ਨੂੰਹਾਂ ਲੈ ਗਈਆਂ ਪੂਤ, ਰਹਿ ਗਿਆ ਬੰਦਾ ਊਤ ਦਾ ਊਤ।ਇਹਨਾ ਸੰਸਿਆਂ ਦੀ ਮਾਰੀ ਬੈਠੀ ਬੈਠੀ ਉਹ ਝੁਰਦੀ ਰਹਿੰਦੀ। ਤੇ ਫਿਰ ਇੱਕ ਦਮ ਹੀ ਉਹ ਚਾਹ ਵਾਲੇ ਗਿਲਾਸ ਤੇ ਕੋਲੀ

ਰਸੋਈ ਵਿੱਚ ਰੱਖਣ ਚਲੀ ਗਈ। ਜਿੱਥੇ ਸਵੇਰ ਆਲੇ ਹੋਰ ਵੀ ਭਾਂਡੇ ਮਾਂਜਣ ਕੰਨੀਓ ਪਏ ਸਨ।ਤੇ ਨੂੰਹ ਰਾਣੀ ਅਜੇ ਵੀ ਲੰਮੀ ਤਾਣੀ ਪਈ ਸੀ ਵਹਿੜੇ ਵਿੱਚ।